P-1-32/Date of Posting: 4th-9th October 2023

ਮੁੱਲ: ₹20



# ਪ੍ਰਾਇਮਰੀ ਸਿੱਖਿਆ

ਅਕਤੂਬਰ 2023

ਪੰਜਾਬ ਸਕੂਲ ਸਿੱਖਿਆ ਬੋਰਡ ਦਾ ਪ੍ਰਕਾਸ਼ਨ

# ਪ੍ਰਾਇਮਰੀ ਸਿੱਖਿਆ

ਅਕਤੂਬਰ 2023, ਸਾਲ 43ਵਾਂ ਅੰਕ 10

ਮੁੱਖ ਸੰਪਾਦਕ: ਉਪ-ਸਕੱਤਰ, ਅਕਾਦਮਿਕ

ਸੰਪਾਦਕ: ਦਰਸ਼ਨ ਸਿੰਘ ਬਨੂੜ

ਡੀ.ਪੀ.ਆਈ. ਪੰਜਾਬ ਦੇ ਚਿੱਠੀ ਨੰ. 269/20-70
ਸ ਜ(3)1 ਮਿਤੀ 17.10.80 ਰਾਹੀਂ ਅਤੇ
ਡੀ.ਪੀ.ਆਈ. ਯੂ.ਟੀ. ਚੰਡੀਗੜ੍ਹ ਦੇ
ਪੱਤਰ ਨੰ. 8211-ਸ਼-1/110/81
ਮਿਤੀ 16.10.81
ਰਾਹੀਂ ਸਕੂਲਾਂ ਲਈ ਪ੍ਰਵਾਨਿਤ

ਇੱਕ ਕਾਪੀ : ₹20 | ਸਲਾਨਾ ਚੰਦਾ: ₹240

ਚੰਦਾ ਭੇਜਣ ਦਾ ਪਤਾ:
ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ
ਵਿੱਦਿਆ ਭਵਨ, ਫੇਜ਼ 8
ਸਾਹਿਬਜ਼ਾਦਾ ਅਜੀਤ ਸਿੰਘ ਨਗਰ
ਮੁਹਾਲੀ - 160062



ਚਿੱਠੀ ਪੱਤਰ ਤੇ ਰਚਨਾਵਾਂ ਭੇਜਣ ਦਾ ਪਤਾ:
ਸੰਪਾਦਕ
ਪੰਖੜੀਆਂ ਅਤੇ ਪ੍ਰਾਇਮਰੀ ਸਿੱਖਿਆ
ਮੈਗਜ਼ੀਨ ਸੈੱਲ
ਪੰਜਾਬ ਸਕੂਲ ਸਿੱਖਿਆ ਬੋਰਡ
ਵਿੱਦਿਆ ਭਵਨ, ਫੇਜ਼ 8
ਸਾਹਿਬਜ਼ਾਦਾ ਅਜੀਤ ਸਿੰਘ ਨਗਰ
ਮੁਹਾਲੀ - 160062
ਸੰਪਰਕ: 0172-5227395

ਈ-ਮੇਲ: pankhrianpseb@gmail.com

ਬੋਰਡ ਦੀ ਵੈਬਸਾਈਟ: www.pseb.ac.in



ਲੇਖਕ ਆਪਣੇ ਵਿਚਾਰਾਂ ਲਈ ਖ਼ੁਦ ਜ਼ਿੰਮੇਵਾਰ ਹਨ। ਪੰਜਾਬ ਸਕੂਲ ਸਿੱਖਿਆ ਬੋਰਡ ਦਾ ਉਹਨਾਂ ਦੇ ਵਿਚਾਰਾਂ ਨਾਲ਼ ਸਹਿਮਤ ਹੋਣਾ ਜ਼ਰੂਰੀ ਨਹੀਂ।


## ਇਸ ਅੰਕ ਵਿੱਚ


ਸੰਪਾਦਕੀ /ਦਰਸ਼ਨ ਸਿੰਘ ਬਨੂੜ 3
ਛਾਵਾਂ ਲੱਭੀਏ /ਵਿਵੇਕ ਕੋਟ ਈਸੇ ਖਾਂ 4
ਤੰਦਰੁਸਤ ਪੰਜਾਬ /ਅੰਜੂ ਵ ਰੱਤੀ 4
ਵੀਰ ਜੀ /ਅਵਤਾਰ ਸਿੰਘ ਸੰਧੂ 5
ਪਾਣੀ /ਗੁਰਪ੍ਰੀਤ ਸਿੰਘ 7
ਭੰਬੀਰੀਆਂ/ਪੜ੍ਹ ਕੇ ਲਓ ਜ਼ਿੰਦਗੀ ਸਵਾਰ/ਸਵਿਤਾ ਕੁਮਾਰੀ 8
ਵਿਆਹ ਵਿੱਚ ਆਈ ਪਰੀ /ਬਲਜਿੰਦਰ ਮਾਨ 9
ਕਰੇਲਾ/ਘੀਆ /ਮਨਮੋਹਨ ਸਿੰਘ ਬਾਸਰਕੇ 11
ਕਿਤਾਬਾਂ ਦੀ ਦੁਨੀਆ /ਮਨਦੀਪ ਰਿੰਪੀ 12
ਬਚਪਨ ਦੇ ਸਬਕ /ਡਾ.ਹਰਨੇਕ ਸਿੰਘ ਕਲੇਰ 13
ਮੱਛਰ /ਧਰਵਿੰਦਰ ਸਿੰਘ ਔਲਖ 16
ਨੀਲੂ ਗਿੱਦੜ ਦੀਆਂ ਲਾਲਾਂ /ਰਣਬੀਰ ਸਿੰਘ ਪ੍ਰਿੰਸ 17
ਬਿੱਲੀ ਤੇ ਬਲੂੰਗੜੇ/ਕਲਮ ਤੇ ਬੰਦੂਕ /ਹਰਪ੍ਰੀਤ ਪੱਤੋ 18
ਇਮਾਨਦਾਰੀ ਦਾ ਫ਼ਲ ਮਿੱਠਾ /ਹਰੀ ਕ੍ਰਿਸ਼ਨ ਮਾਇਰ 19
ਵਿੱਦਿਆ /ਮਰਕਸ ਪਾਲ ਗੁਮਟਾਲਾ 21
ਚਿੜੀਆਂ /ਗੁਰਿੰਦਰ ਸਿੰਘ ਕਲਸੀ 22
ਨਿੱਕੇ ਬੱਚਿਆਂ ਲਈ ਬੋਲੀਆਂ /ਕਰਮਜੀਤ ਸਿੰਘ ਗਰੇਵਾਲ 22
ਹੈਪੀ ਟੀਚਰ ਡੇ /ਪ੍ਰੋ.ਰਾਮ ਲਾਲ ਭਗਤ 23
ਜਾਗਰੂਕਤਾ /ਮਨਮੋਹਨ ਸਿੰਘ ਭੱਲੜੀ 25
ਸਿਆਣਾ ਲੱਕੜਹਾਰਾ /ਜਤਿੰਦਰ ਮੋਹਨ 26
ਸ਼ਬਦ ਪਹੇਲੀ ਦਾ ਜਵਾਬ /ਹਰਦੇਵ ਚੌਹਾਨ 28
ਹਰਕਤ ਵਿੱਚ ਆਓ /ਲੋਕ ਨਾਥ ਸ਼ਰਮਾ 29
ਸਕੂਲ /ਮੁਕੇਸ਼ ਕੁਮਾਰ 29
ਚੰਦਨ /ਜੋਗਿੰਦਰ ਕੌਰ ਅਗਨੀਹੋਤਰੀ 30

ਸੰਪਾਦਕੀ: ਦਰਸ਼ਨ ਸਿੰਘ ਬਨੂੜ



# ਸਰੀਰਕ ਅੰਗ ਵੀ ਅਰਾਮ ਚਾਹੁੰਦੇ ਹਨ!

ਪਿਆਰੇ ਦੋਸਤੋ

ਸਾਰੀ ਪ੍ਰਕ੍ਰਿਤੀ ਸਮੇਂ ਦੇ ਚੱਕਰ ਵਿੱਚ ਬੱਝੀ ਹੋਈ ਹੈ। ਸੂਰਜ ਦਾ ਚੜਨਾ, ਛਿਪਣਾ, ਦਿਨ ਅਤੇ ਰਾਤ, ਰੁੱਤਾਂ ਦਾ ਬਦਲਣਾ, ਸਾਰਾ ਕੁਝ ਸਮੇਂ ਅਨੁਸਾਰ ਹੀ ਚੱਲਦਾ ਹੈ। ਕੁਦਰਤ ਦਾ ਸਾਰਾ ਕਾਰੋਬਾਰ ਸਮੇਂ ਸਿਰ ਚੱਲਣ ਕਰਕੇ ਹੀ ਧਰਤੀ ’ਤੇ ਸੰਤੁਲਨ ਬਣਿਆ ਰਹਿੰਦਾ ਹੈ ਅਤੇ ਪ੍ਰਕ੍ਰਿਤਕ ਕਾਰਜਾਂ ਵਿੱਚ ਕੋਈ ਵਿਘਨ ਨਹੀਂ ਪੈਂਦਾ। ਐਪਰ ਦੋਸਤੋ ਇਹ ਮਨੁੱਖ ਹੀ ਹੈ, ਜੋ ਸਮੇਂ ਦੀ ਪ੍ਰਵਾਹ ਨਾ ਕਰਦਾ ਹੋਇਆ ਹਰ ਚੀਜ਼ ਸਮੇਂ ਤੋਂ ਉਲਟ ਕਰਨ ਦੀ ਕੋਸ਼ਿਸ਼ ’ਚ ਲੱਗਿਆ ਰਹਿੰਦਾ ਹੈ।

ਪਿੱਛਲੇ ਦਿਨੀਂ ਇੱਕ ਡਾਕਟਰ ਕੋਲ਼ ਜਾਣਾ ਹੋਇਆ। ਡਾਕਟਰ ਸਾਹਿਬ ਨੇ ਪੁੱਛਿਆ ਕਿ ਖਾਣਾ ਕਿੰਨੇ ਵਜੇ ਖਾਂਦੇ ਹੋ। ਸਵੇਰ, ਦੁਪਹਿਰ ਅਤੇ ਰਾਤ ਦਾ ਰੁਟੀਨ ਪੁੱਛਿਆ ਉਸਨੇ। ਮੈਂ ਕਿਹਾ ਡਾਕਟਰ ਸਾਹਿਬ ਖਾਣੇ ਦਾ ਤਾਂ ਕੋਈ ਸਮਾਂ ਨਹੀਂ, ਜਦੋਂ ਭੁੱਖ ਲੱਗੀ ਖਾ ਲੈਂਦੇ ਹਾਂ। ਨਾਲ਼ੇ ਇਸ ਨਾਲ਼ ਕੀ ਫ਼ਰਕ ਪੈਂਦਾ ਹੈ, ਜਦੋਂ ਜਿਹੜੀ ਚੀਜ਼ ਖਾਣ ਲਈ ਮਿਲਗੀ ਖਾ ਲੈਣੀ ਚਾਹੀਦੀ ਹੈ। ਡਾਕਟਰ ਸਾਹਿਬ ਇਹ ਸੁਣ ਕੇ ਬਹੁਤ ਹੈਰਾਨ ਹੋਏ। ਉਹ ਕਹਿਣ ਲੱਗੇ, ਜਦੋਂ ਦਿਨ ਦੇ ਚੜ੍ਹਨ ਦਾ ਅਤੇ ਸ਼ਾਮੀ ਸੂਰਜ ਛਿਪਣ ਦਾ ਸਮਾਂ ਤਹਿ ਹੈ, ਇਸ ਤਰ੍ਹਾਂ ਸਾਡੇ ਮਨੁੱਖੀ ਸਰੀਰ ਦਾ ਵੀ ਖਾਣ-ਪੀਣ ਅਤੇ ਆਰਾਮ ਕਰਨ ਦਾ ਸਮਾਂ ਹੋਣਾ ਲਾਜ਼ਮੀ ਹੈ।

ਡਾਕਟਰ ਸਾਹਿਬ ਦੇ ਕਹਿਣ ਅਨੁਸਾਰ ਸਾਨੂੰ ਰਾਤ ਦਾ ਖਾਣਾ ਸੱਤ ਵਜੇ ਤੋਂ ਪਹਿਲਾਂ-ਪਹਿਲਾਂ ਖਾ ਲੈਣਾ ਚਾਹੀਦਾ ਹੈ। ਇਸ ਤੋਂ ਬਾਅਦ ਕੁਝ ਵੀ ਨਹੀਂ ਖਾਣਾ ਚਾਹੀਦਾ। ਇਸ ਦਾ ਕਾਰਨ ਪੁੱਛੇ ਜਾਣ ’ਤੇ ਡਾਕਟਰ ਸਾਹਿਬ ਨੇ ਜੋ ਦੱਸਿਆ ਉਹ ਤੁਸੀਂ ਵੀ ਸੁਣੋ।

ਰਾਤੀਂ ਅੱਠ ਵਜੇ ਤੋਂ ਬਾਅਦ ਸਾਡੇ ਮਨੁੱਖੀ ਸਰੀਰ ਵਿੱਚ ਰਿਪੇਰਿੰਗ ਦਾ ਕੰਮ ਸ਼ੁਰੂ ਹੁੰਦਾ ਹੈ। ਸਾਰੇ ਸਰੀਰਕ ਅੰਗ ਆਪੋ-ਆਪਣੇ ਕਾਰਜ ਕਰਕੇ ਆਰਾਮ ਦੀ ਅਵੱਸਥਾ ਵਿੱਚ ਚਲੇ ਜਾਂਦੇ ਹਨ।

ਬੇਵਕਤ ਖਾਧੇ ਗਏ ਖਾਣੇ ਨੂੰ ਪਚਾਉਣ ਲਈ ਸਰੀਰਕ ਅੰਗਾਂ ਨੂੰ ਬੇਇੰਤਹਾ ਜ਼ੋਰ ਲਗਾਉਣਾ ਪੈਂਦਾ ਹੈ। ਗੱਲ ਭਾਵੇਂ ਕੁਝ ਵੀ ਨਹੀਂ, ਪਰ ਜੇਕਰ ਸੋਚਿਆ ਜਾਵੇ ਤਾਂ ਇਸ ਵਿੱਚ ਬਹੁਤ ਹੀ ਗੁੱਝਾ ਭੇਤ ਲੁਕਿਆ ਹੋਇਆ ਹੈ।

ਨਿੱਕੜਿਓ! ਡਾਕਟਰ ਸਾਹਿਬ ਵੱਲੋਂ ਸਹਿਜ ਸੁਭਾਅ ਦੱਸੀ ਇਹ ਗੱਲ ਦੇਖਣ-ਸੁਣਨ ਨੂੰ ਭਾਵੇਂ ਨਿੱਕੀ ਜਿਹੀ ਲਗਦੀ ਹੈ, ਪਰੰਤੂ ਜੇਕਰ ਅਸੀਂ ਇਸ ਗੱਲ ਨੂੰ ਆਪਣੇ ਜੀਵਨ ਵਿੱਚ ਅਪਣਾ ਲਈਏ ਤਾਂ ਅਸੀਂ ਕਿੰਨੀਆਂ ਹੀ ਬਿਮਾਰੀਆਂ ਤੋਂ ਬਚ ਸਕਦੇ ਹਾਂ। ਅਸੀਂ ਅਕਸਰ ਬੇਢੰਗੇ ਅਤੇ ਬੇਵਕਤ ਖਾਧੇ ਖਾਣੇ ਨਾਲ਼ ਹੀ ਬਿਮਾਰ ਹੁੰਦੇ ਹਾਂ। ਇਸ ਕਰਕੇ ਤੁਸੀਂ ਵੀ ਮੇਰੇ ਵਾਂਗ ਕੋਸ਼ਿਸ਼ ਕਰਕੇ ਦੇਖਿਓ ਕਿ ਰਾਤ ਨੂੰ 7 ਵਜੇ ਤੋਂ ਬਾਅਦ ਕੁਝ ਨਹੀਂ ਖਾਣਾ। ਕੁਝ ਕੁ ਦਿਨ ਕਰਕੇ ਦੇਖੋ ਕਿ ਸਰੀਰ ਕਿੰਨਾ ਰਿਸ਼ਟ-ਪੁਸ਼ਟ, ਤੰਦਰੁਸਤ ਅਤੇ ਬਿਮਾਰੀਆਂ ਤੋਂ ਰਹਿਤ ਹੋਣ ਲੱਗੇਗਾ।

ਜਿਵੇਂ ਅਸੀਂ ਖ਼ੁਦ ਸਾਰਾ ਦਿਨ 7-8 ਘੰਟੇ ਕੰਮ ਕਰਨ ਤੋਂ ਬਾਅਦ ਥੱਕੇ ਸਰੀਰ ਨੂੰ ਆਰਾਮ ਦਿੰਦੇ ਹਾਂ। ਇਸੇ ਤਰ੍ਹਾਂ ਸਾਡੇ ਸਰੀਰਕ ਅੰਗਾਂ ਦਾ ਵੀ ਆਰਾਮ ਕਰਨ ਦਾ ਟਾਇਮ ਹੁੰਦਾ ਹੈ।

ਸੋ ਕੁਦਰਤ ਦੇ ਬਣਾਏ ਅਸੂਲਾਂ ਅਨੁਸਾਰ ਇਸ ਮਨੁੱਖੀ ਸਰੀਰ ਨੂੰ ਤੰਦਰੁਸਤ ਰੱਖੋ। ਆਪਣੇ ਸਰੀਰਕ ਅੰਗਾਂ ਦਾ ਧਿਆਨ ਰੱਖਣ ਲਈ ਆਪਾਂ ਏਨਾ ਕੁ ਸਮਝੌਤਾ ਤਾਂ ਕਰ ਸਕਦੇ ਹਾਂ।

ਉਦਾਹਰਨ ਦੇ ਤੌਰ ’ਤੇ ਜੇਕਰ ਕਿਸੇ ਅੱਧ ਸੁੱਤੇ ਜਾ ਆਰਾਮ ਕਰ ਰਹੇ ਬੱਚੇ ਨੂੰ ਅਚਨਚੇਤ ਉਠਾ ਕੇ ਕੋਈ ਕੰਮ ਕਰਨ ਲਈ ਕਹਿ ਦਈਏ ਤਾਂ ਤੁਸੀਂ ਸੋਚੋ ਉਹ ਸੌਂਪੇ ਗਏ ਕੰਮ ਨੂੰ ਕਿੰਨੀ ਕੁ ਕੁਸ਼ਲਤਾ ਨਾਲ਼ ਕਰੇਗਾ।

ਇਸੇ ਤਰ੍ਹਾਂ ਹੀ ਬੇਵਕਤ ਖਾਧੇ ਗਏ ਖਾਣੇ ਨਾਲ਼ ਮਨੁੱਖੀ ਸਰੀਰਕ ਅੰਗਾਂ ਨਾਲ਼ ਵਾਪਰਦਾ ਹੈ।

ਸੋ ਰਿਸ਼ਟ-ਪੁਸ਼ਟ ਰਹਿਣ ਲਈ ਅਤੇ ਇਸ ਸੁਹਣੇ ਸੁੰਦਰ ਸਰੀਰ ਨੂੰ ਬਿਮਾਰੀਆਂ ਤੋਂ ਰਹਿਤ ਰੱਖਣ ਲਈ ਡਾਕਟਰ ਸਾਹਿਬ ਦੇ ਕਹਿਣ ਅਨੁਸਾਰ ਕੁਝ ਕੁ ਦਿਨ 7 ਵਜੇ ਤੋਂ ਪਹਿਲਾਂ-ਪਹਿਲਾਂ ਖਾਣਾ ਖਾ ਕੇ ਦੇਖੀਏ। ਨਤੀਜਾ ਤੁਹਾਡੇ ਸਾਹਮਣੇ ਹੋਵੇਗਾ।

ਗੀਤ



# ਛਾਵਾਂ ਲੱਭੀਏ

ਵਿਵੇਕ ਕੋਟ ਈਸੇ ਖਾਂ
70099-464580

ਆਓ ਆਪਾਂ ਕੁਝ ਛਾਵਾਂ ਲੱਭੀਏ।
ਕਿਤੋਂ ਸਾਉਣ ਘਟਾਵਾਂ ਲੱਭੀਏ!

ਕੀਤਾ ਹਰ ਥਾਂ ਅਸਾਂ ਉਜਾੜਾ
ਤਿੱਖਾ ਬਹੁਤ ਹੈ ਸਾਡਾ ਕੁਹਾੜਾ
ਹੋਣ ਜਿੱਥੇ ਹਰੇ ਭਰੇ ਰੁੱਖ਼
ਆਓ ਅਜਿਹਿਆਂ ਥਾਵਾਂ ਲੱਭੀਏ।
ਆਓ ਆਪਾਂ ਕੁਝ ਛਾਵਾਂ ਲੱਭੀਏ।

ਗੰਧਲਾ ਕੀਤਾ ਨਿਰਮਲ ਪਾਣੀ
ਕਦਰ ਅਸਾਂ ਨਾ ਇਹਦੀ ਜਾਣੀ
ਸ਼ਾਇਦ ਇਹ ਕੁਝ ਬਚ ਜਾਵੇ
ਆਓ ਸਾਰੇ ਰਾਹਵਾਂ ਲੱਭੀਏ।
ਆਓ ਆਪਾਂ ਕੁਝ ਛਾਵਾਂ ਲੱਭੀਏ।

ਮਾਰ ਗਏ ਜੀਵ-ਜੰਤ ਉਡਾਰੀਂ
ਖ਼ਾਲੀ ਦਿਸਦੀ ਧਰਤੀ ਸਾਰੀ
ਪੰਛੀਆਂ ਦਾ ਜੋ ਬਣੇ ਸਹਾਰਾ
ਆਓ ਅਜਿਹੀਆਂ ਬਾਹਵਾਂ ਲੱਭੀਏ।
ਆਓ ਆਪਾਂ ਕੁਝ ਛਾਵਾਂ ਲੱਭੀਏ।

ਅੰਤ ਨੂੰ ਆਪਾਂ ਪਛਤਾਵਾਂਗੇ
ਗੀਤ ਸਾਵਣ ਦੇ ਕਿੰਞ ਗਾਵਾਂਗੇ
ਵਿਵੇਕ ਮੋਰ ਪਪੀਹੇ ਬੋਲਣ
ਕਾਲ਼ੀਆ ਘੋਰ ਘਟਾਵਾਂ ਲੱਭੀਏ।
ਆਓ ਆਪਾਂ ਕੁਝ ਛਾਵਾਂ ਲੱਭੀਏ।

ਅੰਜੂ ਵ ਰੱਤੀ



# ਤੰਦਰੁਸਤ ਪੰਜਾਬ

ਖ਼ੁਸ਼ਹਾਲ ਪੰਜਾਬੀ ਸਾਰੇ ਅਸੀਂ ਕਹਾਵਾਂਗੇ,
ਰਲ਼ ਮਿਲ ਕੇ ਤੰਦਰੁਸਤ ਪੰਜਾਬ ਬਣਾਵਾਂਗੇ।

ਘਰ ਦਾ ਬਣਿਆ ਤਾਜ਼ਾ ਖਾਣਾ ਖਾਵਾਂਗੇ,
ਡੱਬਾ ਬੰਦ ਪਦਾਰਥ ਨਹੀਂ ਲਿਆਵਾਂਗੇ।

ਸਾਫ਼-ਸਫ਼ਾਈ ਰੱਖਣੀ ਘਰ ਤੇ ਬਾਹਰ ਸਦਾ,
ਆਲ਼ਾ-ਦੁਆਲ਼ਾ ਸੁੰਦਰ ਸਵੱਛ ਬਣਾਵਾਂਗੇ।

ਖਾਧ ਪਦਾਰਥ ਹੋਣ ਮਿਲਾਵਟ ਰਹਿਤ ਅਸੀਂ,
ਰੱਜ-ਰੱਜ ਕੇ ਸੰਤੁਲਿਤ ਭੋਜਨ ਹੀ ਖਾਵਾਂਗੇ।

ਹਰ ਬੰਦਾ ਤੰਦਰੁਸਤ ਅਤੇ ਨਿਰੋਗ ਹੋਵੇ,
ਵਾਤਾਵਰਨ ਪ੍ਰਦੂਸ਼ਣ ਰਹਿਤ ਬਣਾਵਾਂਗੇ।

ਨਸ਼ਿਆਂ ਤੋਂ ਬਚਾਉਣਾ ਨਵੀਂ ਪਨੀਰੀ ਨੂੰ,
ਹਰ ਘਰ ਵਿੱਚ ਸੰਦੇਸ਼ਾ ਇਹ ਪਹੁੰਚਾਵਾਂਗੇ।



ਅਵਤਾਰ ਸਿੰਘ ਸੰਧੂ
99151-82971

# ਵੀਰ ਜੀ

ਵਿਦਿਆਰਥੀ ਦੋਸਤੋ! ਬਚਪਨ ਦੀਆਂ ਖ਼ੂਬਸੂਰਤ ਯਾਦਾਂ ਵਿੱਚੋਂ 'ਵੀਰ ਜੀ' ਨਾਲ਼ ਹੋਈ ਮੁਲਾਕਾਤ ਮੈਨੂੰ ਅੱਜ ਤੱਕ ਯਾਦ ਹੈ। ਤੁਸੀਂ ਵੀ ਸੁਣਨੀ ਚਾਹੋਗੇ? ਸੁਣੋ ਫਿਰ।

ਗਰਮੀ ਦੀਆਂ ਛੁੱਟੀਆਂ ਦਾ ਬੜਾ ਚਾਅ ਹੁੰਦਾ ਸੀ। ਮੇਰੇ ਲਈ ਇਹ ਵਿਸ਼ੇਸ਼ ਸਨ। ਇਹਨਾਂ ਛੁੱਟੀਆਂ ਵਿੱਚ ਮੈਂ ਆਪਣੇ ਨਾਨਕੇ ਘਰ ਜਾਇਆ ਕਰਦਾ ਸੀ। ਭਾਵੇਂ ਛੋਟੀਆਂ ਜਮਾਤਾਂ ਵਿੱਚ ਕੋਈ ਖ਼ਾਸ ਕੰਮ ਨਹੀਂ ਮਿਲਦਾ ਸੀ, ਪਰ ਫਿਰ ਵੀ ਰੋਜ਼ ਦੀ ਇੱਕ ਲਿਖਾਈ ਪੰਜਾਬੀ, ਹਿੰਦੀ ਦੀ ਕਰਨੀ ਪੈਂਦੀ। ਸਾਰੇ ਪਹਾੜੇ ਯਾਦ ਕਰਨੇ ਤੇ ਲਿਖ ਕੇ ਲਿਆਉਣੇ। ਇਹ ਛੁੱਟੀਆਂ ਦਾ ਕੰਮ ਹੁੰਦਾ ਸੀ।

ਉਸ ਸਾਲ ਮੈਂ ਪੰਜਵੀਂ ਵਿੱਚ ਪੜ੍ਹਦਾ ਸੀ। ਗ਼ਰਮੀਆਂ ਦੀਆਂ ਛੁੱਟੀਆਂ ਹੋਈਆਂ। ਇਸ ਵਾਰ ਛੁੱਟੀਆਂ ਦਾ ਕੰਮ ਕੁਝ ਜ਼ਿਆਦਾ ਸੀ। ਮੈਂ ਜਿੰਨਾ ਨਾਨਕੇ ਜਾਣ ਲਈ ਕਾਹਲ਼ਾ ਸੀ, ਓਨਾ ਹੀ ਘਰੋਂ ਹਦਾਇਤਾਂ ਮਿਲ ਰਹੀਆਂ ਸਨ।

''ਪਹਿਲਾਂ ਛੁੱਟੀਆਂ ਦਾ ਲਿਖਤੀ ਕੰਮ ਮੁਕਾਓ। ਹੁਣ ਤੂੰ ਬੋਰਡ ਦੇ ਪੇਪਰ ਦੇਣ ਹਨ, ਦਿਲ ਲਾ ਕੇ ਪੜ੍ਹਿਆ ਕਰ।''

ਪੰਦਰਾਂ ਛੁੱਟੀਆਂ ਸਕੂਲ ਦਾ ਹੋਮ ਵਰਕ ਕਰਦਿਆਂ ਲੰਘ ਗਈਆਂ। ਉਸ ਦਿਨ ਮੈਂ ਜ਼ਿੱਦ ਫੜ ਲਈ ਕਿ ਮੈਨੂੰ ਨਾਨਕੇ ਛੱਡ ਕੇ ਆਓ। ਸਾਰੇ ਮੈਨੂੰ ਸਮਝਾ ਰਹੇ ਸਨ, ਪਰ ਮੈਂ ਕਿਸੇ ਦੀ ਇੱਕ ਨਾ ਮੰਨੀ ਤੇ ਰੌਲ਼ਾ ਪਾਉਣ ਲੱਗ ਪਿਆ। ਅਚਾਨਕ ਬਾਹਰਲਾ ਦਰਵਾਜ਼ਾ ਖੁੱਲ੍ਹਿਆ ਤੇ ਉਹ ਅੰਦਰ ਆ ਗਿਆ।

''ਵੀਰ ਜੀ! ਹੁਣ ਤੂੰ ਇਹਨੂੰ ਸਮਝਾ।'' ਚਿੱਟਾ ਕੁੜਤਾ-ਪਜਾਮਾ ਪਾਈ, ਜਿਉਂ ਹੀ ਉਹ ਵਿਹੜੇ ਵਿੱਚ ਆਇਆ, ਮੇਰੀ ਮਾਂ ਬੋਲ ਪਈ। ਉਸ ਅਜਨਬੀ ਨੂੰ ਦੇਖਕੇ ਮੈਂ ਚੁੱਪ ਕਰ ਗਿਆ।

''ਕੀ ਹੋਇਆ ਚੰਨ ਜੀ? ਇੰਨਾ ਗੁੱਸਾ ਨਹੀਂ ਕਰੀਦਾ।'' ਉਸਨੇ ਮੈਨੂੰ ਕਲਾਵੇ ਵਿੱਚ ਲੈ ਲਿਆ।

''ਵੀਰ ਜੀ, ਹੋਣਾ ਕੀ? ਸਵੇਰ ਦਾ ਜਿੱਦ ਫੜੀ ਬੈਠਾ, ਮੈਨੂੰ ਨਾਨਕੇ ਭੇਜੋ। ਮੈਂ ਕਿਹਾ ਪਹਿਲਾਂ ਛੁੱਟੀਆਂ ਦਾ ਕੰਮ ਨਬੇੜ ਫਿਰ ਕਿਸੇ ਨਾਲ਼ ਨਾਨਕੇ ਵੀ ਭੇਜ ਦਿਆਂਗੇ।'' ਮੇਰੀ ਮਾਂ ਇੰਨਾ ਕਹਿਕੇ ਦੁੱਧ ਗਰਮ ਕਰਨ

ਲੱਗ ਪਈ।

''ਇੰਨੀ ਬੇਇਨਸਾਫ਼ੀ। ਚੰਨ ਜੀ! ਤੁਹਾਨੂੰ ਤਾਂ ਛੁੱਟੀਆਂ ਹੁੰਦੇ ਸਾਰ ਨਾਨਕੀਂ ਭੇਜਣਾ ਚਾਹੀਦਾ ਸੀ। ਤੁਸੀ ਜ਼ਰਾ ਮੈਨੂੰ ਥਾਂ ਟਿਕਾਣਾ ਦੱਸੋ, ਮੈਂ ਭੈਣ ਜੀ ਕੋਲ਼ੋਂ ਕਿਰਾਇਆ ਫੜਕੇ ਤੁਹਾਨੂੰ ਨਾਨਕੀਂ ਛੱਡ ਆਉਂਦਾ। ਤੁਸੀਂ ਜ਼ਰਾ ਬੈਠ ਕੇ ਮੇਰੀ ਗੱਲ ਸੁਣੋ।'' ਇੰਨਾ ਕਹਿੰਦੇ ਸਾਰ ਉਸ ਮੈਨੂੰ ਆਪਣੇ ਨਾਲ਼ ਹੀ ਮੰਜੇ ਉੱਤੇ ਬਿਠਾ ਲਿਆ।

''ਭੈਣ ਜੀ! ਮੇਰੇ ਭਾਣਜੇ ਲਈ ਵੀ ਦੁੱਧ ਗ਼ਰਮ ਕਰ ਲੈਣਾ। ਨਾਲ਼ੇ ਮੇਰੇ ਲਈ ਛੋਟੀ ਤੇ ਮੇਰੇ ਭਾਣਜੇ ਲਈ ਵੱਡੀ ਪਿੰਨੀ ਲੈ ਕੇ ਆਉਣੀ।'' ਉਸ ਮਾਂ ਨੂੰ ਆਖਿਆ।

ਕਮਾਲ ਹੈ, ਮੈਂ ਵੀ ਹੈਰਾਨ ਸਾਂ ਕਿ ਇਹ ਅਣਜਾਣ ਬੰਦਾ ਮੇਰਾ ਮਾਮਾ ਕਿੱਧਰੋਂ ਬਣ ਗਿਆ। ਇਸਨੂੰ ਕਿੱਦਾਂ ਪਤਾ ਲੱਗਾ ਕਿ ਅਸੀਂ ਗ਼ਰਮੀਆਂ ਵਿੱਚ ਵੀ ਪਿੰਨੀਆਂ ਬਣਾਉਂਦੇ ਹਾਂ।

''ਭੈਣ ਜੀ! ਮੇਰੇ ਲਈ ਦੁੱਧ ਵਿੱਚ ਤੁਸੀਂ ਸ਼ੱਕਰ ਪਾਉਣੀ ਤੇ ਮੇਰੇ ਲਾਡਲੇ ਦੇ ਦੁੱਧ ਵਿੱਚ ਚਿੱਟੇ ਪਤਾਸੇ।'' ਉਹ ਬੜੀ ਨਿਮਰਤਾ ਨਾਲ਼ ਬੋਲਿਆ ਤੇ ਮੇਰੇ ਵੱਲ ਵੇਖਕੇ ਮੁਸਕਰਾ ਪਿਆ। ਹੁਣ ਮੈਂ ਵੀ ਆਪਣੇ ਆਪ 'ਤੇ ਕਾਬੂ ਨਾ ਰੱਖ ਸਕਿਆ ਤੇ ਹੱਸ ਪਿਆ।

''ਇਹ ਹੋਈ ਨਾ ਗੱਲ। ਸਾਡੇ ਪਿੰਡ ਇੱਕ ਗੁੱਸੇਖ਼ੋਰ ਮਾਈ ਰਹਿੰਦੀ ਸੀ। ਸਾਰਾ ਦਿਨ ਆਂਢ-ਗੁਆਂਢ ਨਾਲ਼ ਲੜਦੀ ਰਹਿੰਦੀ। ਐਵੇਂ ਲੋਕਾਂ ਨੂੰ ਗਾਲ੍ਹਾਂ ਕੱਢੀ ਜਾਣੀਆਂ। ਫਿਰ ਪਤਾ ਕੀ ਹੋਇਆ? ਚੰਨ ਜੀ! ਪੁੱਛੋ-ਕੀ ਹੋਇਆ?'' ਹੁਣ ਮੈਂ ਵੀ ਉਸਦੀ ਮੋਹ-ਭਰੀ ਆਵਾਜ਼ ਨਾਲ਼ ਤੁਰ ਪਿਆ।

''ਹੋਣਾ ਕੀ ਸੀ? ਸਾਰੇ ਪਿੰਡ ਨੇ ਉਸਦਾ ਨਾਂ 'ਮਾੜੀ ਬੁੜ੍ਹੀ' ਰੱਖ ਦਿੱਤਾ। ਇੱਕ ਦਿਨ ਪਤਾ ਕੀ ਹੋਇਆ...ਹਾਂ, ਹਾਂ ਪੁੱਛੋ ਕੀ ਹੋਇਆ?''

''ਕੀ ਹੋਇਆ?''

''ਗਾਲ੍ਹਾਂ ਕੱਢਦੀ-ਕੱਢਦੀ ਉਹ ਮਰ ਗਈ।'' ਇੰਨਾ ਕਹਿੰਦੇ ਸਾਰ ਅਸੀਂ ਖਿੜ੍ਹ-ਖਿੜ੍ਹਾ ਕੇ ਹੱਸ ਪਏ। ਦੁੱਧ ਆ ਗਿਆ। ਮੇਰੀ ਮਾਂ ਵੀ ਸਾਡੇ ਕੋਲ਼ ਬੈਠ ਗਈ।

''ਪਹਿਲਾਂ ਮੇਰੇ ਭਾਣਜੇ ਨੂੰ ਗਲਾਸ ਫੜਾਓ। ਇਹ ਵੱਡੀ ਪਿੰਨੀ ਚੰਨ ਜੀ ਤੁਹਾਡੀ। ਸਾਡਾ ਕੀ ਐ, ਅਸੀਂ ਤਾਂ ਹੁਣੇ ਪਿਛਲੇ ਘਰੋਂ ਕੜਾਹ ਖਾ ਕੇ ਆਏ ਹਾਂ।''

ਉਸਦੀਆਂ ਗੱਲਾਂ ਵਿੱਚ ਬਹੁਤ ਰਸ ਸੀ। ਉਹ 'ਚੰਨ ਜੀ' ਸ਼ਬਦ ਬੜੇ ਵਧੀਆ ਢੰਗ ਨਾਲ਼ ਬੋਲਦਾ ਸੀ। ਮੈਨੂੰ ਪਹਿਲੀ ਵਾਰ ਕਿਸੇ ਨੇ ਇੰਵ ਬੁਲਾਇਆ ਸੀ। ਇਸੇ ਕਰਕੇ 'ਚੰਨ ਜੀ' ਸ਼ਬਦ ਮੈਨੂੰ ਬਹੁਤ ਚੰਗਾ ਲੱਗ ਰਿਹਾ ਸੀ। ਦੁੱਧ ਪੀਂਦੇ-ਪੀਂਦੇ ਉਸਨੇ ਆਪਣੇ ਬਾਰੇ ਤੇ ਸਾਡੇ ਘਰ ਪਰਿਵਾਰ ਦੀਆਂ ਕਿੰਨੀਆਂ ਹੀ ਗੱਲਾਂ ਕੀਤੀਆਂ। ਉਸਦੀ ਹਰ ਗੱਲ 'ਹਾਂ ਜੀ' ਤੋਂ ਸ਼ੁਰੂ ਹੁੰਦੀ ਤੇ 'ਹਾਂ ਜੀ' ਉੱਤੇ ਹੀ ਮੁੱਕਦੀ। ਉਸਨੇ ਮੇਰੀਆਂ ਕਿਤਾਬਾਂ ਮੰਗਵਾਈਆਂ, ਮੇਰੀਆਂ ਕਾਪੀਆਂ ਦੇਖੀਆਂ। ਮੇਰਾ ਲਿਖਤੀ ਕੰਮ ਦੇਖਕੇ ਉਸਦਾ ਚਿਹਰਾ ਖਿੜ੍ਹ ਗਿਆ।

''ਚੰਨ ਜੀ! ਤੁਹਾਡੀ ਲਿਖਾਈ ਦੇਖ ਕੇ ਤਾਂ ਦਿਲ ਕਰਦਾ ਐ ਕਿ ਇਸ ਵਾਰ ਮੈਂ ਵੀ ਤੁਹਾਡੇ ਨਾਲ਼ ਵਾਂਢੇ ਜਾ ਕੇ ਫੱਟੀ ਲਿਖਣੀ ਸਿੱਖ ਲਵਾਂ। ਤੁਸੀਂ ਤਾਂ ਬਿਲਕੁਲ ਮੋਤੀ ਪਰੋਏ ਪਏ ਨੇ। ਵਾਹ! 'ਸੱਸਾ' ਤੇ 'ਗੱਗਾ' ਕਿੰਨਾ ਸੁਹਣਾ ਲਗਦਾ। ਚੰਨ ਜੀ! ਐਂ ਕਰੋ, ਤੁਸੀਂ ਜ਼ਰਾ ਦੋ ਕੁ ਲਿਖਾਈਆਂ ਕਰੋ, ਮੈਂ ਹੁਣ ਮੁੜਕੇ ਆਇਆ।'' ਇੰਨਾ ਆਖ ਉਸਨੇ ਮੇਰੇ ਹੱਥ ਵਿੱਚ ਕਲਮ ਫੜਾ ਦਿੱਤੀ ਤੇ ਆਪ ਬਾਹਰ ਚਲੇ ਗਏ।

ਉਸਦੇ ਜਾਣ ਤੋਂ ਬਾਅਦ ਮੇਰੀ ਮਾਂ ਨੇ ਦੱਸਿਆ ਕਿ ਇਹ ਚੁਬਾਰੇ ਵਾਲ਼ੀ ਸੁਰਜੀਤ ਦਾ ਛੋਟਾ ਭਰਾ ਹੈ। ਕਾਲਜ ਵਿੱਚ ਪੜ੍ਹਦਾ। ਹਰ ਸਾਲ ਛੁੱਟੀਆਂ ਵਿੱਚ ਆਉਂਦੀ ਸੀ, ਪਰ ਐਤਕੀਂ ਤਿੰਨ ਸਾਲ ਬਾਅਦ ਆਇਆ। ਕਿਤੇ ਬਾਹਰ ਗਿਆ ਹੋਇਆ ਸੀ। ਰਾਤੀਂ ਨ੍ਹੇਰੇ ਹੋਏ ਆਇਆ। ਉਸ ਦਿਨ ਇੱਕ ਤੋਂ ਬਾਅਦ ਦੂਜੀ ਤੇ ਇਸੇ ਤਰ੍ਹਾਂ ਮੈਂ ਸਾਰਾ ਦਿਨ ਲਿਖਾਈਆਂ ਕਰਦਾ ਰਿਹਾ, ਪਰ 'ਵੀਰ ਜੀ' ਨਾ ਮੁੜਿਆ। ਦੂਸਰੀ ਸਵੇਰ ਉਹ ਬਿਨ੍ਹਾਂ ਦਰਵਾਜ਼ਾ ਖੜਕਾਏ ਅੰਦਰ ਆ ਗਿਆ। ਉਸ ਲਿਖਾਈ ਕਿਹਾ ਮੇਰੀ।

"ਕਮਾਲ ਐ ਭੈਣ ਜੀ! ਇੰਨੀ ਵਧੀਆ ਲਿਖਾਈ ਤਾਂ ਮੈਂ ਅੱਜ ਪਹਿਲੀ ਵਾਰ ਦੇਖੀ। ਇਹਨੂੰ ਤਾਂ ਮੈਂ ਆਪਣੇ ਨਾਲ਼ ਸ਼ਹਿਰ ਲੈ ਜਾਣਾ। ਵੱਡਾ ਅਫ਼ਸਰ ਬਣਾ ਕੇ, ਵਾਪਸ ਛੱਡ ਜਾਊਂਗਾ।" ਵੀਰ ਜੀ ਦੇ ਮੂੰਹੋਂ ਆਪਣੀ ਲਿਖਾਈ ਦੀ ਸਿਫ਼ਤ ਸੁਣਕੇ ਮੈਂ ਬਹੁਤ ਖ਼ੁਸ਼ ਹੋਇਆ। ਰੋਟੀ ਆ ਗਈ। ਅਸੀਂ ਰੋਟੀ ਖਾਣੀ ਸ਼ੁਰੂ ਕਰ ਦਿੱਤੀ।

"ਭੈਣ ਜੀ! ਐਤਕੀਂ ਸ਼ੱਕਰ ਨਹੀਂ ਪਾਈ? ਸ਼ਹਿਰ ਵਿੱਚ ਦੇਸੀ ਚੀਜ਼ਾਂ ਕਿੱਥੇ?" ਮੇਰੀ ਮਾਂ ਉਸਦਾ ਮਤਲਬ ਸਮਝ ਗਈ। ਘਿਓ-ਸ਼ੱਕਰ ਵੀ ਆ ਗਈ।

"ਘਬਰਾ ਨਾ ਵੀਰ ਜੀ? ਐਤਕੀਂ ਤੈਨੂੰ ਪੂਰੀ ਪੰਸੇਰੀ ਸ਼ੱਕਰ ਦੇ ਕੇ ਤੋਰਨਾ, ਪਰ ਸਾਰੀ ਗੁਆਂਢੀਆਂ ਨੂੰ ਨਾ ਖੁਆ ਦੇਵੀਂ, ਕੁਝ ਆਪ ਵੀ ਖਾ ਲਿਆ ਕਰੀਂ।"

ਵੀਰ ਜੀ ਹਫ਼ਤਾ ਭਰ ਸਾਡੇ ਪਿੰਡ ਰਿਹਾ। ਉਹ ਰੋਜ਼ ਸਾਡੇ ਘਰ ਆਉਂਦਾ। ਜੇ ਕਦੀ ਮੇਰੀ ਮਾਂ ਘਰ ਨਾ ਹੁੰਦੀ ਤਾਂ ਮੈਂ ਆਪ ਦੁੱਧ ਗ਼ਰਮ ਕਰਕੇ ਉਸ ਲਈ ਲਿਆਉਂਦਾ। ਹੁਣ ਉਹ ਮੇਰਾ ਵੀ ਦੋਸਤ ਬਣ ਗਿਆ ਸੀ। ਸ਼ਹਿਰ ਵਿੱਚ ਚਲਦੀਆਂ ਰੇਲ ਗੱਡੀਆਂ, ਕਾਰਾਂ ਤੇ ਕਾਰਖ਼ਾਨਿਆਂ ਬਾਰੇ ਉਹ ਮੈਨੂੰ ਦੱਸਦਾ। ਪਿੰਡ ਵਿੱਚ ਚੱਲਦੇ ਵੇਲ੍ਹਣੇ, ਛੱਪੜਾਂ ਵਿੱਚ ਨਹਾਉਂਦੀਆਂ ਮੱਝਾਂ ਬਾਰੇ ਉਹ ਬੜੀ ਦਿਲਚਸਪੀ ਨਾਲ਼ ਮੇਰੀਆਂ ਗੱਲਾਂ ਸੁਣਦਾ। ਉਸ ਦੀਆਂ ਮੋਹ ਭਰੀਆਂ ਗੱਲਾਂ ਨੇ ਮੈਨੂੰ ਕੀ, ਸਾਰੇ ਪਿੰਡ ਨੂੰ ਮੋਹ ਲਿਆ ਸੀ। ਹੁਣ ਉਹ ਮੈਨੂੰ ਆਪਣੇ ਘਰ ਦਾ ਹੀ ਜੀਅ ਲੱਗਦਾ ਸੀ। ਫਿਰ ਇੱਕ ਦਿਨ ਮੈਂ ਹੌਂਸਲਾ ਕਰਕੇ ਪੁੱਛ ਹੀ ਲਿਆ।

"ਸਾਰੇ ਤੁਹਾਨੂੰ 'ਵੀਰ ਜੀ' ਕਿਉਂ ਆਖਦੇ, ਨਾਲ਼ੇ ਤੁਹਾਡੀ ਇੰਨੀ ਸੇਵਾ ਕਿਉਂ ਕਰਦੇ?"

ਉਸਨੇ ਬੜੇ ਧਿਆਨ ਨਾਲ਼ ਮੈਨੂੰ ਦੇਖਿਆ ਤੇ ਮੇਰਾ ਚਿਹਰਾ ਆਪਣੇ ਨਰਮ-ਨਰਮ ਹੱਥਾਂ ਵਿੱਚ ਲੈ ਲਿਆ। "ਚੰਨ ਜੀ! ਮੈਂ ਕਦੇ ਕਿਸੇ ਨੂੰ 'ਓਏ' ਨਹੀਂ ਆਖਿਆ ਤੇ ਨਾ ਹੀ ਮੈਨੂੰ ਉੱਚਾ ਬੋਲਣ ਦੀ ਆਦਤ ਐ। ਸਮਝ ਗਏ ਜੀ।" ਵੀਰ ਜੀ ਨੇ ਇੱਕ ਪਲ਼ ਵਿੱਚ ਹੀ ਮੈਨੂੰ ਭੇਦ ਦੀ ਗੱਲ ਸਮਝਾ ਦਿੱਤੀ।

ਗੁਰਪ੍ਰੀਤ ਸਿੰਘ
99884-66885



# ਪਾਣੀ

ਪਾਣੀ ਹੈ ਅਣਮੋਲ ਸਭ ਕਰੋ ਸੰਭਾਲ਼,
ਜੀਵਨ ਦੀ ਧਾਰਾ ਹੈ ਇਹ ਰੱਖੋ ਖ਼ਿਆਲ।

ਪਾਣੀ ਪਿਤਾ ਹੈ ਗੁਰਬਾਣੀ ਸਮਝਾਵੇ,
ਪੂਰੀ ਸ੍ਰਿਸ਼ਟੀ ਦੀ ਪਿਆਸ ਬੁਝਾਵੇ।

ਇਸਦੇ ਨਾਲ਼ ਹੀ ਅੱਜ ਤੇ ਜਿਊਣਾ ਕੱਲ੍ਹ,
ਇਸਦੇ ਨਾਲ਼ ਹੀ ਤੁਰਦੀ ਸਾਹਾਂ ਦੀ ਗੱਲ।

ਬੂੰਦ-ਬੂੰਦ ਕੀਮਤੀ ਕਿਉਂ ਐਵੇਂ ਗਵਾਵੇਂ,
ਮੁੱਕੀ ਚੀਜ਼ ਨਾ, ਫਿਰ ਕਿੱਧਰੋਂ ਥਿਆਵੇ।

ਨਦੀਆਂ-ਨਾਲ਼ੇ ਸਭ ਤੇਰੇ ਲਈ ਵਰਤਦਾਨ,
ਬੰਜ਼ਰ ਧਰਤੀ ਵਿੱਚ ਜੋ ਪਾ ਦੇਵੇ ਜਾਨ।

ਆਓ ਰਲ਼ ਸਭ ਪਾਣੀ ਨੂੰ ਬਚਾਈਏ,
ਇਹ ਗੱਲ ਸਾਰਿਆਂ ਨੂੰ ਸਮਝਾਈਏ।



# ਭੰਬੀਰੀਆਂ

ਦੇਖੋ ਉਹ ਭੰਬੀਰੀਆਂ,
ਕਿੰਨੀਆਂ ਸਾਰੀਆਂ,

ਘੁੰਮਦੀਆਂ ਸਭ ਨੂੰ,
ਲੱਗਣ ਪਿਆਰੀਆਂ।

ਪਿੰਡ ਵਿੱਚ ਇੱਕ,
ਬੁੱਢੀ ਮਾਈ ਆਈ ਆ,

ਮੋਢੇ ਤੇ ਭੰਬੀਰੀਆਂ,
ਉਹਨੇ ਹੱਟੀ ਲਾਈ ਆ।

ਇੱਕ ਕੌਲੀ ਆਟਾ ਚਾਹੇ,
ਲੈ ਆਓ ਰੁਪਈਏ।

ਚੱਲੋ ਚੱਲੋ ਛੇਤੀ ਆਪਾਂ,
ਬੇਬੇ ਜੀ ਨੂੰ ਕਹੀਏ।

ਹਵਾ ਤੋਂ ਉਲਟ ਇਹਨੂੰ,
ਫੜ ਆਪਾਂ ਭੱਜਾਂਗੇ।

ਰਲ਼ ਮਿਲ ਇਹਨਾਂ ਨਾਲ਼,
ਖੇਡ-ਖੇਡ ਰੱਜਾਂਗੇ।

ਰੰਗ ਬਰੰਗੀਆਂ,
ਘੁੰਮਣ ਪਿਆਰੀਆਂ,

ਦਿਲ ਕਰੇ ਆਪਾਂ ਹੀ,
ਲੈ ਲਈਏ ਸਾਰੀਆਂ।

ਸਵਿਤਾ ਕੁਮਾਰੀ
98555-72005



# ਪੜ੍ਹ ਕੇ ਲਓ ਜ਼ਿੰਦਗੀ ਸਵਾਰ ਬੱਚਿਓ।

ਸ਼ਬਦਾਂ ਨਾਲ਼ ਗੂੜ੍ਹੀਆਂ ਪਾ ਲਵੋ ਯਾਰੀਆਂ,
ਵਿੱਦਿਆ ਸਮੁੰਦਰਾਂ 'ਚ ਲਾ ਲਵੋ ਤਾਰੀਆਂ,
ਸੋਚ ਰੱਖੋ ਤੁਸੀਂ ਅੰਬਰਾਂ ਤੋਂ ਪਾਰ ਬੱਚਿਓ।
ਪੜ੍ਹ ਕੇ ਲਓ ਜ਼ਿੰਦਗੀ ਸਵਾਰ ਬੱਚਿਓ।

ਕਿਤਾਬਾਂ ਵਿੱਚ ਬੜੇ ਹੀ ਖ਼ਜ਼ਾਨੇ ਦੱਬੇ ਨੇ,
ਮਾਰ ਦੇ ਜੋ ਹੰਭਲਾ ਉਹਨਾਂ ਹੀ ਲੱਭੇ ਨੇ,
ਥੋੜ੍ਹੀ ਕਰ ਲਓ ਤੁਸਾਂ ਵੀ ਵਿਚਾਰ ਬੱਚਿਓ।
ਪੜ੍ਹ ਕੇ ਲਓ ਜ਼ਿੰਦਗੀ ਸਵਾਰ ਬੱਚਿਓ।

ਪੂਰੇ ਕਰੋ ਮਹਿਲ ਜੋ ਖ਼ੁਆਬਾਂ ਵਾਲ਼ੇ ਨੇ,
ਖੋਲ੍ਹ ਲਵੋ ਖੇੜ੍ਹੇ ਦੇ ਜੋ ਬੰਦ ਤਾਲੇ ਨੇ,
ਸਖ਼ਸ਼ੀਅਤਾਂ ਨੂੰ ਲਾਓ ਚੰਨ ਚਾਰ ਬੱਚਿਓ।
ਪੜ੍ਹ ਕੇ ਲਓ ਜ਼ਿੰਦਗੀ ਸਵਾਰ ਬੱਚਿਓ।

ਕੱਲ੍ਹ ਤੁਸੀਂ ਦੇਸ ਦਾ ਭਵਿੱਖ ਹੋਵੋਗੇ
ਸਿੱਖਿਆ ਦੇ ਬਿਨ੍ਹਾਂ ਬੈਠ ਨੇਰ੍ਹਾ ਢੋਵੋਗੇ।
ਬਾਝ ਸਿੱਖਿਆ ਨਾ ਮਿਲੇ ਸਤਿਕਾਰ ਬੱਚਿਓ।
ਪੜ੍ਹ ਕੇ ਲਓ ਜ਼ਿੰਦਗੀ ਸਵਾਰ ਬੱਚਿਓ।



ਬੰਗਾਲੀ ਬਾਲ ਕਹਾਣੀ

ਮੂਲ: ਅਮਰ ਗੋਸਵਾਮੀ
ਅਨੁਵਾਦ: ਬਲਜਿੰਦਰ ਮਾਨ
98150-18947

# ਵਿਆਹ ਵਿੱਚ ਆਈ ਪਰੀ

ਗੋਲੂ ਦੀ ਭੈਣ ਦਾ ਵਿਆਹ ਸੀ। ਰਾਤ ਨੂੰ ਬਰਾਤ ਆਉਣੀ ਸੀ। ਸਾਰੇ ਆਪੋ ਆਪਣੇ ਕੰਮ ਵਿੱਚ ਰੁੱਝੇ ਹੋਏ ਸਨ। ਪਰ ਗੋਲੂ ਛੋਟੀ ਸੀ। ਇਸ ਲਈ ਜਦੋਂ ਕੰਮ ਕਰਨ ਜਾਂਦੀ ਤਾਂ ਸਾਰੇ ਉਸਨੂੰ ਕਹਿੰਦੇ, ''ਗੋਲੂ ਤੂੰ ਬਾਹਰ ਜਾ ਕੇ ਖੇਡ।''

ਗੋਲੂ ਕੱਪੜੇ ਬਦਲ ਕੇ ਬਾਹਰ ਖੇਡਣ ਚਲੀ ਗਈ। ਬਾਗ਼ ਵਿੱਚ ਉਸਨੂੰ ਇੱਕ ਕਾਟੋ ਦਿਖਾਈ ਦਿੱਤੀ। ਉਹ ਉਸ ਮਗਰ ਦੌੜ ਪਈ। ਕਾਟੋ ਉਸਨੂੰ ਭੁਲੇਖਾ ਦੇ ਕੇ ਰੁੱਖ਼ ਉਤੇ ਚੜ੍ਹ ਗਈ। ਗੋਲੂ ਨੇ ਸੋਚਿਆ ਕਿ ਉਹ ਕਿਸੇ ਟਾਹਣੀ ਤੇ ਲੁਕੀ ਹੋਈ ਹੈ। ਉਸਨੇ ਇੱਕ ਰੋੜਾ ਪੱਤਿਆਂ ਤੇ ਮਾਰਿਆ।

''ਉਹ! ਇਹ ਕੀ ਕਰਦੀ ਏਂ'' ਉਪਰ ਤੋਂ ਆਵਾਜ਼ ਆਈ। ਗੋਲੂ ਡਰ ਗਈ। ਇੰਨੇ ਨੂੰ ਰੁੱਖ਼ ਤੋਂ ਉਤਰਕੇ ਇੱਕ ਸੁੰਦਰ ਲੜਕੀ ਨੇ ਕਿਹਾ, ''ਰੁੱਖ਼ ਦੇ ਸੱਟ ਲੱਗ ਜਾਂਦੀ ਫਿਰ? ਉਸਨੂੰ ਕਿੰਨਾ ਦੁੱਖ ਲਗਦਾ। ਉਸ ਵਿੱਚ ਵੀ ਜਾਨ ਹੈ। ਮੈਨੂੰ ਵੀ ਸੱਟ ਲੱਗ ਸਕਦੀ ਸੀ।''

ਗੋਲੂ ਬੋਲੀ, ''ਤੁਸੀ ਕੌਣ ਹੋ? ਤੁਸੀਂ ਮੇਰੀ ਭੈਣ ਵਰਗੇ ਸੁਹਣੇ ਹੋ। ਇੱਥੇ ਕੀ ਕਰਦੇ ਸੀ? ਮੈਨੂੰ ਲਗਦਾ ਤੁਸੀਂ ਵੀ ਮੇਰੀ ਭੈਣ ਦੇ ਵਿਆਹ ਤੇ ਆਏ ਹੋ।''

''ਮੈਂ ਪਰੀ ਹਾਂ। ਬੱਚਿਆਂ ਦੀ ਦੋਸਤ। ਜਦੋਂ ਮਨ ਕਰਦਾ ਹੈ ਤਾਂ ਪਰੀ ਲੋਕ ਤੋਂ ਧਰਤੀ ਤੇ ਆ ਜਾਂਦੀ ਹਾਂ। ਮੈਂ ਤਾਂ ਇਸ ਰੁੱਖ਼ ਤੇ ਆਰਾਮ ਕਰ ਰਹੀ ਸੀ।''

''ਚੰਗਾ ਹੋਇਆ ਤੁਸੀਂ ਮਿਲ ਗਏ।'' ਗੋਲੂ ਨੇ ਕਿਹਾ, ''ਕੀ ਤੁਸੀਂ ਮੇਰੇ ਨਾਲ਼ ਖੇਡੋਗੇ।'' ''ਜ਼ਰੂਰ ਪਰ ਹੁਣ ਤਾਂ ਹਨੇਰਾ ਹੋ ਗਿਆ ਹੈ। ਤੁਸੀ ਕਿਵੇਂ ਖੇਡੋਗੇ? ਮੈਂ ਤੈਨੂੰ ਕਹਾਣੀ ਸੁਣਾਉਂਦੀ ਹਾਂ'' ਪਰੀ ਬੋਲੀ।

ਤਦ ਬੈਂਡ ਵਾਜੇ ਦੀ ਉੱਚੀ ਆਵਾਜ਼ ਸੁਣਾਈ ਦਿੱਤੀ। ਪਰੀ ਨੇ ਡਰਕੇ ਪੁਛਿਆ, ''ਇਹ ਕਿਸ ਤਰ੍ਹਾਂ ਦੀ ਆਵਾਜ਼ ਹੈ? ਲਗਦਾ ਕਿਸੇ ਰਾਜੇ ਨੇ ਹਮਲਾ ਕਰ ਦਿੱਤਾ।''

ਗੋਲੂ ਹੱਸਣ ਲੱਗੀ। ''ਇਹ ਵਿਆਹ ਦਾ ਵਾਜਾ ਹੈ। ਲਗਦਾ ਭੈਣ ਦੀ ਬਰਾਤ ਆ ਰਹੀ ਹੈ। ਚਲੋ ਤੁਹਾਨੂੰ ਭੈਣ ਦਾ ਵਿਆਹ ਦਿਖਾਵਾਂ। ਅੱਜ ਤੁਸੀਂ ਸਾਡੇ ਮਹਿਮਾਨ ਹੋ।'' ਪਰੀ ਮੰਨ ਗਈ। ਉਹ ਬੋਲੀ, ''ਮੈਂ ਤੁਹਾਡੇ ਨਾਲ਼ ਚਲਦੀ ਹਾਂ, ਪਰ ਤੇਰੇ ਤੋਂ ਸਿਵਾ ਮੈਂ ਕਿਸੇ ਹੋਰ ਨੂੰ ਨਜ਼ਰ ਨਹੀਂ ਆਵਾਂਗੀ।'' ''ਗੋਲੂ ਬੋਲੀ ਫਿਰ ਤਾਂ ਬੜਾ ਮਜ਼ਾ ਆਵੇਗਾ।'' ਪਰੀ ਨੂੰ ਨਾਲ਼ ਲੈ ਕੇ ਗੋਲੂ ਘਰ ਆ ਗਈ। ਵਿਆਹ ਵਾਲ਼ਾ ਘਰ ਖ਼ੂਬ ਸਜਾਇਆ ਗਿਆ ਸੀ। ਚਾਰੇ ਪਾਸੇ ਰੌਸ਼ਨੀ ਸੀ। ਭੀੜ ਵੀ ਕਾਫੀ ਸੀ। ਪਰੀ ਨੂੰ ਭੀੜ ਤੋਂ ਬਚਾਕੇ ਗੋਲੂ ਛੱਜੇ ਤੇ ਲੈ ਗਈ। ਉਥੇ ਕਈ ਇਸਤਰੀਆਂ ਬਾਰਾਤ ਦੇਖਣ ਲਈ ਖੜ੍ਹੀਆਂ ਸਨ। ਗੋਲੂ ਵੱਲ ਕਿਸੇ ਨੇ ਵੀ ਨਾ ਦੇਖਿਆ।

ਕੁਝ ਦੇਰ ਬਾਅਦ ਬਰਾਤ ਆ ਗਈ। ਬਰਾਤੀਆਂ ਨੂੰ ਨੱਚਦੇ ਦੇਖਕੇ ਪਰੀ ਨੂੰ ਬੜੀ ਖ਼ੁਸ਼ੀ ਹੋਈ। ਉਹ ਵੀ ਨੱਚਣ ਲੱਗ ਪਈ। ਜਦੋਂ ਬਰਾਤ ਨੇੜੇ ਆ ਗਈ ਤਾਂ ਉਸਨੇ ਪੁੱਛਿਆ, ‘‘ਜੋ ਘੋੜੇ ਤੇ ਬੈਠਾ ਹੈ ਉਹ ਕੋਈ ਰਾਜਾ ਹੈ’’ ਗੋਲੂ ਹੱਸੀ ਅਤੇ ਬੋਲੀ, ‘‘ਬੁੱਧੂ ਇਹ ਤਾਂ ਮੇਰਾ ਜੀਜਾ ਹੈ। ਇਸ ਨਾਲ਼ ਮੇਰੀ ਭੈਣ ਦਾ ਵਿਆਹ ਹੋਵੇਗਾ।’’ ਪਰੀ ਨੂੰ ਹੈਰਾਨੀ ਹੋਈ। ਉਹ ਬੋਲੀ, ‘‘ਅੱਛਾ ਰਾਜੇ ਨੂੰ ਤੇਰੀ ਭੈਣ ਪਸੰਦ ਆ ਗਈ ਹੈ। ਇਸ ਲਈ ਆਪਣੀ ਸੈਨਾ ਲੈ ਕੇ ਵਿਆਹੁਣ ਆਇਆ ਹੈ। ਪਹਿਲੇ ਇਸੇ ਤਰ੍ਹਾਂ ਹੁੰਦਾ ਸੀ। ਉਸ ਸਮੇਂ ਇਸੇ ਤਰ੍ਹਾਂ ਆਤਿਸ਼ਬਾਜ਼ੀ ਵੀ ਹੁੰਦੀ ਸੀ। ਘੋੜੇ ਨੱਚਦੇ ਅਤੇ ਹਾਥੀ ਝੂਮਦੇ ਸਨ।’’ ਗੋਲੂ ਚੁੱਪ ਰਹੀ। ਉਹ ਆਤਿਸ਼ਬਾਜ਼ੀ ਦਾ ਖੇਡ ਦੇਖ ਰਹੀ ਸੀ। ਸ਼ਾਦੀ ਦਾ ਧੂਮ-ਧੜੱਕਾ ਦੇਖਕੇ ਪਰੀ ਬਹੁਤ ਖ਼ੁਸ਼ ਹੋਈ। ਉਹ ਬੋਲੀ ‘‘ਗੋਲੂ ਤੇਰਾ ਬਹੁਤ ਸ਼ੁਕਰੀਆਂ। ਤੂੰ ਮੈਨੂੰ ਆਪਣੀ ਭੈਣ ਦੇ ਵਿਆਹ ਤੇ ਬੁਲਾਇਆ, ਹੁਣ ਮੈਂ ਜਾਂਦੀ ਹਾਂ।’’

ਗੋਲੂ ਬੋਲੀ, ‘‘ਹੁਣੇ ਕਿਸ ਤਰ੍ਹਾਂ ਚਲੇ ਜਾਓਗੇ। ਤੁਸੀਂ ਦਾਅਵਤ ਤਾਂ ਖਾਧੀ ਹੀ ਨਹੀਂ। ਚਲੋ ਤੁਹਾਨੂੰ ਦਾਅਵਤ ਖਵਾਉਂਦੀ ਹਾਂ।’’ ਗੋਲੂ ਉਸਨੂੰ ਪੰਡਾਲ ਵਿੱਚ ਲੈ ਗਈ, ਜਿਥੇ ਤਰ੍ਹਾਂ ਤਰ੍ਹਾਂ ਦੇ ਪਕਵਾਨ ਸਜਾਏ ਗਏ ਸਨ। ਅਜਿਹੇ ਪਕਵਾਨ ਦੇਖਕੇ ਪਰੀ ਦਾ ਤਾਂ ਸਿਰ ਹੀ ਘੁੰਮ ਗਿਆ। ਸਾਰੇ ਲੋਕ ਖ਼ੁਦ ਹੀ ਖਾਣਾ ਲੈ ਕੇ ਖਾ ਰਹੇ ਸਨ। ਗੋਲੂ ਨੇ ਪਰੀ ਦੇ ਹੱਥ ਵਿੱਚ ਇੱਕ ਬੜੀ ਸਾਰੀ ਪਲੇਟ ਅਤੇ ਚਮਚਾ ਫੜਾ ਦਿੱਤਾ। ‘‘ਲਉ ਜਿਹੜੀ ਚੀਜ਼ ਪਸੰਦ ਹੈ ਖਾਂਦੇ ਜਾਉ।’’

ਪਰੀ ਨੇ ਇੱਕ ਪਾਸੇ ਤੋਂ ਖਾਣਾ ਸ਼ੁਰੂ ਕੀਤਾ। ਉਸਨੂੰ ਸਾਰੀਆਂ ਚੀਜ਼ਾਂ ਚੰਗੀਆਂ ਲੱਗ ਰਹੀਆਂ ਸਨ। ਕੀ ਖਾਵੇ ਤੇ ਕੀ ਛੱਡੇ। ਰੋਟੀ ਚਾਵਲ ਤੇ ਖਾਣੇ ਤੋਂ ਬਾਅਦ ਰਸਗੁੱਲੇ, ਆਈਸਕ੍ਰੀਮ, ਜਲੇਬੀ, ਹਲਵਾ ਤਾਂ ਹੋਰ ਵੀ ਸੁਆਦੀ ਸਨ। ਉਹ ਖਾਂਦੀ ਗਈ। ਉਸਨੂੰ ਇਸ ਤਰ੍ਹਾਂ ਖਾਂਦਿਆਂ ਦੇਖਕੇ ਗੋਲੂ ਨੂੰ ਮਜ਼ਾ ਆ ਰਿਹਾ ਸੀ।

ਖਾਂਦਿਆਂ-ਖਾਂਦਿਆਂ ਪਰੀ ਦਾ ਪੇਟ ਫੁੱਲ ਢੋਲ ਬਣ ਗਿਆ। ਉਸਨੂੰ ਨੀਂਦ ਆਉਣ ਲੱਗ ਪਈ। ਗੋਲੂ ਬੋਲੀ ‘‘ਹੁਣ ਤੁਸੀਂ ਮੇਰੇ ਕਮਰੇ ਵਿੱਚ ਸੌਂ ਜਾਓ। ਸਵੇਰੇ ਜਦੋਂ ਅੱਖ ਖੁੱਲ੍ਹੀ ਤਦ ਚਲੇ ਜਾਣਾ।’’ ਪਰੀ ਮੰਨ ਗਈ। ਉਹ ਗੋਲੂ ਦੇ ਬਿਸਤਰੇ ਤੇ ਸੌਂ ਗਈ।

ਸਵੇਰੇ-ਸਵੇਰੇ ਜਦੋਂ ਉਸਨੇ ਉੱਠਕੇ ਉਡਣ ਦੀ ਕੋਸ਼ਿਸ਼ ਕੀਤੀ ਤਾਂ ਉਸ ਕੋਲ਼ੋਂ ਉਡ ਨਾ ਹੋਇਆ। ਉਸਨੇ ਇੰਨਾ ਖਾ ਲਿਆ ਸੀ ਕਿ ਉਹ ਮੋਟੀ ਹੋ ਗਈ ਸੀ। ਉਸਦਾ ਭਾਰ ਵਧ ਗਿਆ ਸੀ। ਗੋਲੂ ਉਸਨੂੰ ਦੇਖਕੇ ਹੈਰਾਨ ਹੋ ਗਈ। ਪਤਲੀ ਜਿਹੀ ਪਰੀ ਉਸ ਵਾਂਗ ਗੋਲ ਦਿਸਣ ਲੱਗ ਪਈ ਸੀ। ਪਰੀ ਰੋਣ ਲੱਗ ਪਈ। ਉਸਨੇ ਕਿਹਾ, ‘‘ਗੋਲੂ ਹੁਣ ਮੈਂ ਪਰੀ ਲੋਕ ਕਿਵੇਂ ਜਾਵਾਂਗੀ’’

ਗੋਲੂ ਬੋਲੀ, ‘‘ਘਬਰਾਓ ਨਾ ਦੋ ਚਾਰ ਦਿਨ ਮੇਰੇ ਨਾਲ਼ ਖੇਲੋ ਕੁੱਦੋ। ਫਲ ਖਾਓ। ਸਲਾਦ ਖਾਓ। ਫਿਰ ਤੁਸੀਂ ਪਤਲੇ ਹੋ ਜਾਵੋਗੇ, ਮੇਰੀ ਭੈਣ ਵਰਗੇ।’’

ਪਰੀ ਮੰਨ ਗਈ। ਹੁਣ ਉਹ ਰੋਜ਼ ਸਵੇਰੇ ਉਠਕੇ ਗੋਲੂ ਨਾਲ਼ ਪਾਰਕ ਵਿੱਚ ਦੌੜਦੀ। ਫਿਰ ਉਸ ਨਾਲ਼ ਰੱਸੀ ਟੱਪਦੀ। ਦੁਪਹਿਰ ਨੂੰ ਚੋਰ ਸਿਪਾਹੀ ਖੇਡਦੀ। ਅੱਡਾ ਖੱਡਾ ਖੇਡਦੀ। ਸ਼ਾਮ ਨੂੰ ਪਿੱਠੂ ਗਰਮ। ਇੱਕ ਵਾਰ ਜਦੋਂ ਉਹ ਗੋਲੂ ਨਾਲ਼ ਬੈਡਮਿੰਟਨ ਖੇਡ ਰਹੀ ਸੀ ਤਾਂ ਉਸਦੇ ਭਰਾ ਨੇ ਕਿਹਾ, ‘‘ਤੂੰ ਇਕੱਲੀ ਹੀ ਬਹੁਤ ਵਧੀਆ ਖੇਡਦੀ ਹੈ। ਇੰਜ ਲਗਦਾ ਜਿਵੇਂ ਤੇਰੇ ਨਾਲ਼ ਦੂਜਾ ਖਿਡਾਰੀ ਖੇਡ ਰਿਹੈ।’’

‘‘ਹਾਂ ਹੈ ਪਰ ਤੁਸੀਂ ਉਸਨੂੰ ਦੇਖ ਨਹੀਂ ਸਕਦੇ।’’ ਗੋਲੂ ਬੋਲੀ। ਭਰਾ ਹੱਸਿਆ ਤੇ ਬੋਲਿਆ ‘‘ਮੇਰੇ ਨਾਲ਼ ਮਜ਼ਾਕ ਕਰਦੀ ਐ। ਠੀਕ ਹੈ ਤੁਸੀਂ ਹਵਾ ਨਾਲ਼ ਖੇਡੋ।’’ ਇਹ ਕਹਿਕੇ ਉਸਦਾ ਭਰਾ ਚਲਾ ਗਿਆ। ਇਹ ਸੁਣਕੇ ਪਰੀ ਵੀ ਗੋਲੂ ਨਾਲ਼ ਖੂਬ ਹੱਸੀ।

ਕੁਝ ਦਿਨ ਗੋਲੂ ਨਾਲ਼ ਖੇਡ ਕੁੱਦਕੇ, ਸਲਾਦ, ਫਲ ਖਾਕੇ ਪਹਿਲੇ ਵਾਂਗ ਪਤਲੀ ਅਤੇ ਹਲਕੀ ਹੋ ਗਈ। ਹੁਣ ਉਹ ਆਰਾਮ ਨਾਲ਼ ਉੱਡ ਸਕਦੀ ਸੀ। ਪਰੀ ਬੋਲੀ ‘‘ਧੰਨਵਾਦ ਗੋਲੂ! ਹੁਣ ਮੈਂ ਜਾਂਦੀ ਹਾਂ।’’

‘‘ਫਿਰ ਕਦ ਮਿਲੋਗੇ’’ ਗੋਲੂ ਨੇ ਪੁਛਿਆ।

ਪਰੀ ਹੱਸਕੇ ਬੋਲੀ, ‘‘ਤੇਰੇ ਵਿਆਹ ਤੇ ਰਾਜ ਕੁਮਾਰ ਵਰਗਾ ਲਾੜਾ ਦੇਖਣ ਆਵਾਂਗੀ।’’ ਪਰੀ ਦੇ ਜਾਣ ਤੋਂ ਬਾਅਦ ਗੋਲੂ ਉਦਾਸ ਹੋ ਗਈ। ਉਸਦੇ ਭਰਾ ਨੇ ਕਿਹਾ, ‘‘ਵਿਚਾਰੀ ਆਪਣੀ ਭੈਣ ਦੇ ਸਹੁਰੇ ਜਾਣ ਤੋਂ ਬਾਅਦ ਬੜੀ ਉਦਾਸ ਹੈ।’’

ਮਨਮੋਹਨ ਸਿੰਘ ਬਾਸਰਕੇ
99147-16616



# ਕਰੇਲਾ

ਨਾਂ ਕਰੇਲਾ ਮੇਰਾ ਭਾਈ,
ਸਬਜ਼ੀਆਂ ਵਿੱਚ ਮੇਰੀ ਵਡਿਆਈ।
ਛਿੱਲ ਕੇ ਮੈਨੂੰ ਜੋ ਬਣਾਉਂਦੇ,
ਉਹ ਨਹੀਂ ਪੂਰਾ ਲਾਭ ਉਠਾਉਂਦੇ।

ਕੌੜਾ-ਕੌੜਾ ਕਰ ਜੋ ਨਹੀਂ ਖਾਂਦੇ,
ਫ਼ਾਇਦਾ ਉਹ ਪੂਰਾ ਨਹੀਂ ਪਾਂਦੇ।
ਜੋ ਸੂਪ ਨੇ ਮੇਰਾ ਪੀਂਦੇ,
ਸ਼ੂਗਰ ਤੋਂ ਉਹ ਦੂਰ ਨੇ ਰਹਿੰਦੇ।

ਸ਼ੂਗਰ ਲਈ ਬੜਾ ਲਾਭਕਾਰੀ,
ਸਬਜ਼ੀ ਬਣੇ ਮੇਰੀ ਖ਼ੂਬ ਕਰਾਰੀ।
ਭਾਵੇਂ ਮੈਨੂੰ ਕੱਟ ਬਣਾਓ,
ਭਰਕੇ ਖਾਣ ਦਾ ਲੁਤਫ਼ ਉਠਾਓ।

ਗੰਢੇ ਹਰ ਦਮ ਸਾਥ ਨਿਭਾਉਂਦੇ,
ਮੋਟੇ ਮੋਟੇ ਕੱਟਕੇ ਪਾਉਂਦੇ।
ਭਿੰਡੀ ਨਾਲ਼ ਰਲ਼ਾ ਨਾ ਪਾਇਓ,
ਨਾ ਹੀ ਨਾਲ਼ ਦਹੀਂ ਦੇ ਖਾਇਓ।

ਦਾਲ਼ ਨਾਲ਼ ਭਾਵੇਂ ਖਾ ਲਿਓ ਭਾਈ,
ਇਹਦੇ ਵਿੱਚ ਨਹੀਂ ਕੋਈ ਬੁਰਾਈ।
ਕੌੜਤੁਮੇ ਵਾਂਗ ਹਾਂ ਕੌੜਾ,
ਪਰ ਫ਼ਾਇਦਾ ਬਹੁਤਾ ਨੁਕਸਾਨ ਨਹੀਂ ਭੋਰਾ।

ਮੈਂ ਨਾ ਵਾਈ ਤੇ ਨਾ ਹੀ ਬਾਦੀ,
ਅਚਾਰ ਵੀ ਬਣੇ ਬਹੁਤ ਸਵਾਦੀ।
'ਮਨਮੋਹਨ' ਬਾਸਰਕੇ ਵਾਲ਼ਾ ਕਹਿੰਦਾ,
ਨਾ ਸਸਤਾ ਨਾ ਹੀ ਮਹਿੰਗਾ।



# ਘੀਆ

ਬੱਚਿਓ! ਘੀਆ ਹੈ ਮੇਰਾ ਨਾਂ,
ਸਬਜ਼ੀ ਵਿੱਚ ਬਣੀ ਮੇਰੀ ਥਾਂ।
ਭਾਵੇਂ ਜ਼ਮੀਨ 'ਤੇ ਵੇਲ ਲਗਾਓ,
ਭਾਵੇਂ ਗ਼ਮਲੇ ਵਿੱਚ ਉਗਾਓ।

ਬਹੁਤ ਸੁਹਣਾ ਹੈ ਮੇਰਾ ਰੰਗ,
ਸਬਜ਼ੀ ਵੱਜੋਂ ਮੇਰੀ ਹੈ ਮੰਗ।
ਮੇਰੇ ਵੇਖੋ ਦੋ ਨੇ ਰੂਪ,
ਬਣਾਓ ਸਬਜ਼ੀ ਭਾਵੇਂ ਪੀਓ ਸੂਪ।

ਸੂਪ ਮੇਰਾ ਬਹੁਤ ਗੁਣਕਾਰੀ,
ਰੋਗੀਆਂ ਲਈ ਬੜਾ ਲਾਭਕਾਰੀ।
ਪਿਆਜ਼ ਨਾਲ਼ ਮੇਰੀ ਗੂੜੀ ਯਾਰੀ,
ਸਬਜ਼ੀ ਬਣਦੀ ਖ਼ੂਬ ਕਰਾਰੀ।

ਰਾਇਤਾ ਵੀ ਬਣਦਾ ਮੇਰਾ,
ਲੁਤਫ਼ ਉਠਾਏ ਖਾਵੇ ਜਿਹੜਾ।
ਕੋਫ਼ਤੇ ਵੀ ਮੇਰੇ ਬਣਾਉਂਦੇ,
ਸਭਨਾਂ ਦੇ ਉਹ ਮਨ ਨੂੰ ਭਾਉਂਦੇ।

ਦਾਲ਼ ਘੀਆ ਵੀ ਲੈਂਦੇ ਬਣਾ,
ਨਾਲ਼ ਸਵਾਦ ਸਭ ਲੈਂਦੇ ਖਾ।
ਭਾਵੇਂ ਨਾਲ਼ ਵੜੀਆਂ ਪਾ ਲਓ,
ਸਬਜ਼ੀ ਦਾ ਸਵਾਦ ਵਧਾ ਲਓ।

ਮੇਰੇ ਨਾਲ਼ ਤੁਸੀਂ ਵੜੀਆਂ ਪਾ ਲਓ,
ਸਵਾਦ ਭਾਵੇਂ ਹੋਰ ਵਧਾ ਲਓ।
ਸਬਜ਼ੀ ਮੇਰੀ ਹੁੰਦੀ ਨਰੋਈ,
ਨਾਲ਼ ਸਵਾਦ ਖਾਵੇਂ ਹਰ ਕੋਈ।

'ਬਾਸਰਕੇ' ਗੱਲ ਵੀਚਾਰੋ ਭਾਈ,
ਘੀਆ ਵਿੱਚ ਨਾ ਕੋਈ ਬੁਰਾਈ।





ਮਨਦੀਪ ਰਿੰਪੀ
98143-85918

# ਕਿਤਾਬਾਂ ਦੀ ਦੁਨੀਆ

ਸਾਹਿਲ ਦੀ ਮੰਮੀ ਕਿੰਨੀ ਦੇਰ ਤੋਂ ਸਾਹਿਲ ਨੂੰ ਰੋਟੀ ਖਾਣ ਲਈ ਬੁਲਾ ਰਹੀ ਹੈ, ਪਰ ਸਾਹਿਬ, "ਮੰਮੀ ਥੋੜ੍ਹਾ ਰੁਕ ਜਾਓ। ਆਖ਼ਰੀ ਪੇਜ ਰਹਿ ਗਿਆ। ਹੁਣ ਪੂਰੀ ਕਹਾਣੀ ਪੜ੍ਹ ਕੇ ਹੀ ਆਵਾਂਗਾ। ਨਹੀਂ ਤਾਂ ਸਾਰਾ ਮਜ਼ਾ ਕਿਰਕਿਰਾ ਹੋ ਜਾਵੇਗਾ।"

ਸਾਹਿਲ ਦੀਆਂ ਗੱਲਾਂ ਸੁਣ ਕੇ ਸਾਹਿਲ ਦੇ ਮੰਮੀ ਸੋਚਣ ਲੱਗੇ ਇਹ ਉਹੀ ਸਾਹਿਲ ਹੈ, ਜਿਹੜਾ ਕਦੇ ਖਿੱਝ-ਖਿੱਝ ਕੇ ਪੈਂਦਾ ਸੀ? ਜਿਹੜਾ ਹਰ ਵੇਲੇ ਮੋਬਾਇਲ ਨਾਲ਼ ਚਿੰਬੜਿਆ ਰਹਿੰਦਾ ਸੀ। ਜਦੋਂ ਰੋਟੀ ਖਾਣ ਨੂੰ ਕਹਿੰਦੇ ਕਿੰਨੀ-ਕਿੰਨੀ ਦੇਰ ਕੁਝ ਨਾ ਬੋਲਦਾ ਤੇ ਜਦੋਂ ਬੋਲਦਾ ਤਾਂ ਰੁਖ਼ਾ ਹੀ ਬੋਲਦਾ। ਬਹੁਤ ਚਿੜਚਿੜਾ ਹੋ ਗਿਆ ਸੀ। ਸਾਰਾ ਦਿਨ ਮੋਬਾਇਲ ਤੇ ਟਿਕਟਾਕ ਟਿਕਟਾਕ ਹੋਈ ਪਈ ਸੀ। ਅਚਾਨਕ ਕੁਝ ਤਕਨੀਕੀ ਕਾਰਨਾਂ ਕਰਕੇ ਜਦੋਂ ਟਿਕਟਾਕ ਐਪ ਬੰਦ ਹੋਈ ਤਾਂ ਇਸ ਨਾਲ਼ ਸਾਹਿਲ ਦੀ ਜ਼ਿੰਦਗੀ ਦੇ ਇੱਕ ਨਵੇਂ ਸਫ਼ਰ ਦਾ ਆਰੰਭ ਹੋਇਆ। ਜਦੋਂ ਟਿਕਟਾਕ ਐਪ ਬੰਦ ਹੋਈ ਤਾਂ ਸਾਹਿਲ ਕੁਝ ਦਿਨ ਤਾਂ ਚੁੱਪ ਜਿਹਾ ਰਿਹਾ ਅਤੇ ਆਪਣੇ ਮੰਮੀ-ਪਾਪਾ ਨੂੰ ਉਲਾਂਭਾ ਦੇਣ ਲੱਗਾ ਕਿ ਤੁਸੀਂ ਤਾਂ ਬਹੁਤ ਖ਼ੁਸ਼ ਹੋਣੇ। ਤੁਹਾਡੀਆਂ ਸੁੱਖਾਂ ਹੁਣ ਜੋ ਪੂਰੀਆਂ ਹੋ ਗਈਆਂ। ਸਾਹਿਲ ਦੀਆਂ ਗੱਲਾਂ ਸੁਣਕੇ ਉਸ ਦੇ ਮੰਮੀ-ਪਾਪਾ ਬਹੁਤ ਹੱਸੇ ਤੇ ਅੰਦਰੋ-ਅੰਦਰ ਖ਼ੁਸ਼ ਵੀ ਸਨ। ਸਾਹਿਲ ਦਾ ਮਨ ਕਿਸੇ ਕੰਮ 'ਚ ਨਹੀਂ ਸੀ ਲੱਗ ਰਿਹਾ। ਉੱਪਰੋਂ ਲੌਕਡਾਊਨ ਕਾਰਨ ਅਸ਼ਾਂਤ ਮਾਹੌਲ। ਇੱਕ ਦਿਨ ਮੰਮੀ ਨੇ ਆਪਣੇ ਬਾਕਸ ਬੈੱਡ 'ਚ ਰੱਖੀਆਂ ਕੁਝ ਬਾਲ ਪੁਸਤਕਾਂ ਕੱਢੀਆਂ ਅਤੇ ਉਨ੍ਹਾਂ ਨੂੰ ਸਾਹਿਲ ਦੇ ਸਟੱਡੀ ਟੇਬਲ ਉੱਤੇ ਰੱਖ ਦਿੱਤਾ। ਕਿਤਾਬਾਂ ਨੂੰ ਵੇਖ ਸਾਹਿਲ ਖਿਝ ਗਿਆ ਤੇ ਆਖਣ ਲੱਗ, 'ਇੱਥੇ ਕਿਉ ਰੱਖੀਆਂ? ਮੇਰੀਆਂ ਆਪਣੀਅ ਕਿਤਾਬਾਂ ਤਾਂ ਪੜ੍ਹ ਨਹੀਂ ਹੁੰਦੀਆਂ ਅਤੇ ਇਨ੍ਹਾਂ ਦਾ ਹੁਣ ਵਾਧੂ ਭਾਰ ਪਾਉਣ ਲੱਗੇ।" ਸਾਹਿਲ ਦੇ ਮੰਮੀ ਨੇ ਸਾਹਿਲ ਨੂੰ ਕਿਹਾ ਕਿ ਮੈਂ ਤੇਰੇ ਪੜ੍ਹਨ ਲਈ ਨਹੀਂ ਰੱਖੀਆਂ। ਕਦੇ-ਕਦੇ ਮੇਰਾ ਜੀਅ ਕਰਦਾ ਪੜ੍ਹਨ ਨੂੰ ਇਸ ਲਈ ਰੱਖੀਆਂ ਹਨ।

ਇੱਕ ਦਿਨ ਸਾਹਿਲ ਇੱਕ ਕਿਤਾਬ ਵੇਖਣ ਲੱਗਾ। ਉਸ ਵਿਚਲੀਆਂ ਕਹਾਣੀਆਂ ਦੇ ਨਾਂ ਬੜੇ ਹੀ ਦਿਲਚਸਪ ਲੱਗੇ। ਉਹ ਇੱਕ ਕਹਾਣੀ ਨੂੰ ਜਦੋਂ ਪੜ੍ਹਨ ਲੱਗਾ ਤਾਂ ਉਸ ਦਾ ਦਿਲ ਕਰੇ ਕਿ ਉਹ ਪੂਰੀ ਕਹਾਣੀ ਪੜ੍ਹ ਕੇ ਹੀ ਕਿਤਾਬ ਰੱਖੇ। ਉਸ ਦਿਨ ਤੋਂ ਬਾਅਦ ਉਸ ਦਾ ਜਿਵੇਂ ਕਿਤਾਬਾਂ ਨਾਲ਼ ਮੋਹ ਜਿਹਾ ਪੈ ਗਿਆ। ਉਹ ਕੁਝ ਨਾ ਕੁਝ ਪੜ੍ਹਦਾ ਰਹਿੰਦਾ ਤੇ ਕੁਝ ਦਿਨਾਂ ਵਿੱਚ ਹੀ ਉਸ ਨੇ ਸਾਰੀਆਂ ਕਿਤਾਬਾਂ ਪੜ੍ਹ ਲਈਆਂ। ਉਸ ਦੀ ਹੋਰ ਕਿਤਾਬਾਂ ਦੀ ਮੰਗ ਨੇ ਉਸ ਦੀ ਮੰਮੀ ਨੂੰ ਹੈਰਾਨ ਕਰ ਦਿੱਤਾ। ਉਸ ਦੀ ਮੰਮੀ ਨੇ ਉਸ ਨੂੰ ਹੋਰ ਕਿਤਾਬਾਂ ਮੰਗਵਾ ਕੇ ਦਿੱਤੀਆਂ। ਹੁਣ ਕਿਤਾਬਾਂ ਦੀ ਦੁਨੀਆ ਵਿੱਚ ਵਿਚਰਦੇ ਸਾਹਿਲ ਨੂੰ ਵੇਖ ਕੇ ਉਸ ਦੇ ਮੰਮੀ-ਪਪਾ ਬਹੁਤ ਖ਼ੁਸ਼ ਹਨ। ਉਸ ਦੇ ਸੁਭਾਅ ਵਿੱਚ ਪਹਿਲਾਂ ਨਾਲੋਂ ਬਹੁਤ ਫ਼ਰਕ ਆ ਚੁੱਕਿਆ ਹੈ। ਉਹ ਸਮਝ ਚੁੱਕਾ ਹੈ ਕਿ ਵਿਚਾਰਾਂ ਦੀ ਸਾਂਝੇਦਾਰੀ ਕਿਤਾਬਾਂ ਨਾਲ਼ੋਂ ਵੱਧ ਹੋਰ ਕਿਸੇ ਨਾਲ਼ ਨਹੀਂ ਪਾਈ ਜਾ ਸਕਦੀ।

ਡਾ.ਹਰਨੇਕ ਸਿੰਘ ਕਲੇਰ



# ਬਚਪਨ ਦੇ ਸਬਕ

ਬੰਟੀ ਦੁਸਹਿਰੇ ਦੇ ਮੇਲੇ ਤੋਂ ਤੀਰ-ਕਮਾਨ ਲੈ ਆਇਆ। ਉਸ ਨੂੰ ਤੀਰ-ਕਮਾਨ ਲੈ ਕੇ ਦੇਣ ਵੇਲ਼ੇ ਮੰਮੀ ਤੇ ਪਾਪਾ ਨੇ ਕਿਹਾ ਸੀ, ''ਬੰਟੀ, ਇਸ ਨਾਲ਼ ਕਿਸੇ ਪੰਛੀ 'ਤੇ ਨਿਸ਼ਾਨਾ ਨਹੀਂ ਲਾਉਣਾ।'' ਉਸ ਵੇਲ਼ੇ ਮੰਮੀ ਨੇ ਤਾਂ ਉਸ ਨੂੰ ਵੱਡਾ ਗੁਬਾਰਾ ਲੈਣ ਲਈ ਕਿਹਾ ਸੀ।

ਬੰਟੀ ਨੇ ਤੀਰ-ਕਮਾਨ ਵੇਚਣ ਵਾਲ਼ੇ ਦੀ ਟੋਕਰੀ ਕੋਲ਼ ਖੜ੍ਹ ਕੇ ਜ਼ਿੱਦ ਹੀ ਫੜ ਲਈ ਸੀ। ''ਜਸਵਿੰਦਰ ਜੀ ਆ ਜਾਓ, ਹੁਣ ਤੋਂ ਜ਼ਿੱਦ ਪੂਰੀ ਕਰਾਂਗੇ ਤਾਂ ਔਖਾ ਕਰੂ।'' ਜਸਵੰਤ ਸਿੰਘ ਇਹ ਕਹਿ ਕੇ ਅੱਗੇ ਅੱਗੇ ਤੁਰ ਪਿਆ ਸੀ ਕਿ ਆਪੇ ਪਿੱਛੇ ਭੱਜਿਆ ਆਊ।

ਬੰਟੀ ਟੋਕਰੀ ਵਾਲੇ ਕੋਲ਼ ਖੜ ਕੇ ਤੀਰ-ਕਮਾਨ ਵੱਲ ਵੇਖੀ ਜਾ ਰਿਹਾ ਸੀ। ਏਨੇ ਨੂੰ ਜਸਵਿੰਦਰ ਦੀ ਸਹੇਲੀ ਜੋਤੀ ਉਸ ਦੇ ਸਾਹਮਣੇ ਆ ਖੜ੍ਹੀ। ਉਹ ਮਿਲ ਹੀ ਰਹੀਆਂ ਸਨ ਕਿ ਮੀਤ, ਬੰਟੀ ਦੇ ਕੋਲ਼ ਆ ਖੜ੍ਹਾ। ਮੀਤ ਦੇ ਹੱਥ ਵਿੱਚ ਤੀਰ-ਕਮਾਨ ਸੀ। ਬਸ ਫੇਰ ਕੀ ਸੀ, ਨਾ ਚਾਹੁੰਦਿਆਂ ਹੋਇਆ ਵੀ ਜਸਵਿੰਦਰ ਕੌਰ ਨੂੰ ਆਪਣੇ ਪੁੱਤਰ ਬੰਟੀ ਨੂੰ ਤੀਰ ਕਮਾਨ ਲੈ ਕੇ ਹੀ ਦੇਣਾ ਪਿਆ ਸੀ। ਬੰਟੀ ਤੀਰ-ਕਮਾਨ ਲੈ ਕੇ ਖ਼ੁਸ਼ ਹੋ ਗਿਆ। ਦੋਵਾਂ ਸਹੇਲੀਆਂ ਦੇ ਗੱਲਾਂ ਕਰਦਿਆਂ ਬੰਟੀ ਤੇ ਮੀਤ ਨੇ ਕੱਲ੍ਹ ਨੂੰ ਪਾਰਕ ਵਿੱਚ ਮਿਲਣ ਦਾ ਵਾਅਦਾ ਕਰ ਲਿਆ।

ਜਸਵੰਤ ਸਿੰਘ ਬੰਟੀ ਨੂੰ ਫੁੱਟਬਾਲ ਲੈ ਕੇ ਦੇਣਾ ਚਾਹੁੰਦਾ ਸੀ। ਉਸ ਨੂੰ ਪਤਾ ਸੀ ਬੱਚੇ ਵਿਹੜੇ ਵਿੱਚ ਹੀ ਕਿੱਕਾਂ ਮਾਰਦੇ-ਮਾਰਦੇ ਫੁੱਟਬਾਲ ਦੇ ਚੰਗੇ ਖਿਡਾਰੀ ਬਣ ਜਾਂਦੇ ਨੇ। ਉਹ ਆਪਣੇ ਤਜਰਬੇ ਨੂੰ ਅਸਲ ਰੰਗ ਵਿੱਚ ਲਿਆਉਣ ਦੇ ਸੁਪਨੇ ਦੇਖ ਰਿਹਾ ਸੀ।

ਜਸਵੰਤ ਸਿੰਘ ਹਾਈ ਸਕੂਲ ਵਿੱਚ ਤੇ ਜਸਵਿੰਦਰ ਕੌਰ ਐਲੀਮੈਂਟਰੀ ਸਕੂਲ ਵਿੱਚ ਅਧਿਆਪਕ ਸੀ। ਜਸਵੰਤ ਸਿੰਘ ਪੜ੍ਹਾਈ ਤੇ ਖੇਡਾਂ ਦਾ ਮਹੱਤਵ ਜਾਣਦਾ ਸੀ। ਫੁੱਟਬਾਲ ਨਾਲ਼ ਚੰਗੀ ਕਸਰਤ ਹੋ ਜਾਂਦੀ ਹੈ। ਤੀਰ-ਕਮਾਨ ਨਾਲ਼ ਤਾਂ ਬੱਚੇ ਪੰਛੀਆਂ ਤੇ ਨਿਸ਼ਾਨੇ ਲਾਉਣ ਦੀ ਕੋਸ਼ਿਸ਼ ਕਰਦੇ ਹਨ। ਜੀਵਾਂ ਨੂੰ ਵੀ ਜਿਉਣ ਦਾ ਉੱਨਾ ਈ ਹੱਕ ਐ। ਇਹ ਸੋਚਦਾ ਜਸਵੰਤ ਸਿੰਘ ਅੱਗੇ ਤੁਰ ਪਿਆ ਸੀ। ਉਂਝ ਵੀ ਕਸਰਤ ਕਰਨ ਲਈ ਬੰਟੀ ਤੇ ਰੌਣੀ ਦੋਵਾਂ ਨੂੰ ਵਧੀਆ ਸਾਇਕਲ ਲੈ ਕੇ ਦਿੱਤੇ ਹੋਏ ਸਨ। ਬੰਟੀ ਛੇਵੀਂ ਜਮਾਤ ਤੇ ਰੌਣੀ ਚੌਥੀ ਜਮਾਤ ਵਿੱਚ ਪੜ੍ਹਦੀ ਸੀ। ਬੰਟੀ ਦੋਸਤਾਂ ਨਾਲ਼ ਸਾਇਕਲ

ਵੀ ਚਲਾਉਂਦਾ ਤੇ ਐਤਵਾਰ ਵਾਲ਼ੇ ਦਿਨ ਗਰਾਊਂਡ ਵਿੱਚ ਜਾ ਕੇ ਫੁੱਟਬਾਲ ਖੇਡਦਾ ਸੀ। ਰੌਣੀ ਦਾ ਧਿਆਨ ਪੜ੍ਹਾਈ ਵਿੱਚ ਵੱਧ ਸੀ। ਉਹ ਆਪਣੀ ਮੰਮੀ ਕੋਲ ਬੈਠ ਕੇ ਪੜ੍ਹਾਈ ਕਰਦੀ ਰਹਿੰਦੀ।

ਦੁਸਹਿਰਾ ਦੇ ਮੇਲੇ ਤੋਂ ਆ ਕੇ ਬੰਟੀ ਨੇ ਆਪਣੇ ਦੋਸਤਾਂ ਨੂੰ ਤੀਰ-ਕਮਾਨ ਦਿਖਾਇਆ ਸੀ। ਵਿਹੜੇ ਵਿੱਚ ਉਹ ਘੁੰਮਦਾ ਉਹ ਤੀਰ ਕਮਾਨ ਨਾਲ਼ ਖੇਡਦਾ ਰਿਹਾ। ਜਸਵਿੰਦਰ ਸੋਚਦੀ ਇਹ ਇਸ ਦਾ ਇੱਕ ਦੋ ਦਿਨ ਦਾ ਸ਼ੌਕ ਆ। ਉਂਝ ਵੀ ਤੀਰ ਕਮਾਨ ਦੋ ਤਿੰਨ ਦਿਨ ਵਿੱਚ ਟੁੱਟ ਜਾਂਦੇ ਨੇ ਫੇਰ ਬਸ। ਦੁਸਹਿਰੇ ਵਾਲ਼ੇ ਦਿਨ ਤਾਂ ਬੰਟੀ ਰਾਤ ਤੱਕ ਖੇਡਦਾ ਰਿਹਾ। ਉਹ ਵਾਰ-ਵਾਰ ਅਮਰੂਦ ਦੇ ਪੇੜ ਵੱਲ ਤੀਰ ਕਮਾਨ ਚਲਾਉਂਦਾ ਰਿਹਾ। ਬੰਟੀ ਖੇਡਦਾ ਖੇਡਦਾ ਬੇਹਾਲ ਜਿਹਾ ਹੋ ਗਿਆ। ਫਿਰ ਮੰਮੀ ਦੇ ਬੁਲਾਉਣ ਤੇ ਉਹ ਅੰਦਰ ਆ ਗਿਆ। ਜਦੋਂ ਮੰਮੀ ਨੇ ਕਿਹਾ ਕਿ ਬੰਟੀ ਸਕੂਲ ਦਾ ਕੰਮ ਕਰ ਲੈਂਦਾ ਤਾਂ ਉਹ ਬੋਲਿਆ, ‘‘ਮੰਮੀ ਕੱਲ੍ਹ ਨੂੰ ਐਤਵਾਰ ਐ। ਸਕੂਲ ਦਾ ਕੰਮ ਕੱਲ੍ਹ ਨੂੰ ਕਰ ਲਵਾਂਗਾ।’’

‘‘ਅੱਜ ਦਾ ਕੰਮ ਕੱਲ੍ਹ ਤੇ ਨਾ ਛੱਡੋ।’’ ਰੌਣੀ ਉਸ ਨੂੰ ਸੁਣਾ ਕੇ ਬੋਲੀ।

ਬੰਟੀ ਨੇ ਅਊ...ਅਉ...ਦੀ ਆਵਾਜ਼ ਕਰਕੇ ਰੌਣੀ ਨੂੰ ਚਿੜ੍ਹਾਇਆ।

ਰੌਣੀ ਨੇ ਬਿਨਾਂ ਆਵਾਜ਼ ਤੋਂ ਬੰਟੀ ਵਰਗਾ ਮੂੰਹ ਬਣਾਇਆ ਤੇ ਮੰਮੀ ਜੀ ਕੋਲ ਜਾ ਖੜ੍ਹੀ।

ਬੰਟੀ ਦੋਹਾਂ ਹੱਥਾਂ ਨਾਲ਼ ਮੁੱਕੇ ਬਣਾ ਕੇ ਰੌਣੀ ਵੱਲ ਨੂੰ ਹਵਾ ਵਿੱਚ ਚਲਾਉਂਦਾ ਰਿਹਾ। ਰੌਣੀ ਵੱਖ-ਵੱਖ ਤਰ੍ਹਾਂ ਦੇ ਮੂੰਹ ਬਣਾ ਕੇ ਉਸਨੂੰ ਖਿਝਾਉਂਦੀ ਰਹੀ।

‘‘ਰੌਣੀ ਤੁਹਾਡੇ ਡੈਡੀ ਨੂੰ ਬੁਲਾਓ। ਚਲੋ ਦੋਵੇਂ ਹੱਥ ਧੋ ਕੇ ਆਓ। ਰੋਟੀ ਖਾਈਏ।’’ ਜਸਵਿੰਦਰ ਨੇ ਸਲਾਦ ਕੱਟਣ ਤੋਂ ਬਾਅਦ ਰੌਣੀ ਨੂੰ ਕਿਹਾ।

ਮੰਮੀ ਮੈਂ ਬਾਤ ਸੁਣ ਕੇ ਸੌਵਾਂਗੀ।

‘‘ਅੱਜ ਡੈਡੀ ਦੀ ਵਾਰੀ ਆ।’’

‘‘ਲੈ ਤੁਸੀਂ ਵਧੀਆ ਬਾਤ ਸੁਣਾਉਂਦੇ ਓ।’’

‘‘ਚੁੱਪ ਚਾਪ ਖਾਣਾ ਖਾ ਲਵੋ। ਫੇਰ ਦੇਖਦੇ ਆਂ।’’

ਖਾਣਾ ਖਾਣ ਤੋਂ ਬਾਅਦ ਜਸਵਿੰਦਰ ਰਸੋਈ ਸੰਭਾਲ਼ਦੀ। ਬਾਤ ਸੁਣਨ ਦੇ ਲਾਲਚ ਨਾਲ਼ ਕਈ ਵਾਰ ਰੌਣੀ ਵੀ ਆਪਣੀ ਮੰਮੀ ਨਾਲ਼ ਹੱਥ ਵਟਾਉਂਦੀ। ਰੌਣੀ ਨੂੰ ਬਾਤਾਂ ਪਸੰਦ ਸਨ ਪਰ ਬਾਤ ਪੂਰੀ ਹੋਣ ਤੋਂ ਪਹਿਲਾਂ ਹੀ ਉਹ ਸੌਂ ਜਾਂਦੀ।

ਐਤਵਾਰ ਦਾ ਦਿਨ ਹੋਣ ਕਰਕੇ ਅੱਜ ਜਸਵਿੰਦਰ ਕੌਰ ਨੂੰ ਉੱਠਦਿਆਂ ਵੀ ਦਿਨ ਚੜ੍ਹ ਆਇਆ। ਉਸ ਨੇ ਰਸੋਈ ਦੀ ਖਿੜਕੀ ਵਿੱਚੋਂ ਬਾਹਰ ਦੇਖਿਆ ਬੰਟੀ ਤੀਰ ਕਮਾਨ ਸਮੇਤ ਬਾਹਰ ਵਿਹੜੇ ਵਿੱਚ ਘੁੰਮ ਰਿਹਾ ਸੀ। ਸਵੇਰੇ-ਸਵੇਰੇ ਅਮਰੂਦ ਦੇ ਰੁੱਖ਼ ਤੇ ਚਿੜੀਆਂ ਆ ਜਾਦੀਆਂ ਸਨ। ਪੰਛੀ ਚਹਿਚਹਾ ਰਹੇ ਸਨ ਉਹ ਪੰਛੀਆਂ ਤੇ ਨਿਸ਼ਾਨੇ ਸੇਧ ਰਿਹਾ ਸੀ। ਜਸਵਿੰਦਰ ਵਿਹੜੇ ਵਿੱਚ ਆ ਗਈ।

‘‘ਬੰਟੀ ਤੂੰ ਏਨਾ ਸਵੱਖਤੇ ਉੱਠਿਆ ਫਿਰਦਾਂ।’’

‘‘ਮੰਮੀ ਮੈਂ ਤਾਂ ਨਿਸ਼ਾਨੇ ਲਾਉਂਣੇ ਸਿੱਖਦਾ।’’

ਦੇਖ ਮੇਰਾ ਨਿਸ਼ਾਨਾ ਬੜਾ ਪੱਕਾ। ‘‘ਲਾ ਕੇ ਦਿਖਾਵਾਂ।’’

ਉਸਨੇ ਤੀਰ ਨੂੰ ਕਮਾਨ ਤੇ ਚੜ੍ਹਾ ਕੇ ਖਿਚਿਆ। ਖੜਾਕ ਨਾਲ਼ ਟਹਿਣੀ ਤੇ ਬੈਠੀਆਂ ਚਿੜੀਆਂ ਫੁਰਰ ਕਰਕੇ ਉੱਡ ਗਈਆਂ।

‘‘ਓ...ਹੋ ਜ਼ਰਾ ਕੁ ਫ਼ਰਕ ਰਹਿ ਗਿਆ।’’ ਆਪਣੇ ਵਲੋਂ ਉਸਨੇ ਚਿੜੀਆਂ ’ਤੇ ਨਿਸ਼ਾਨਾ ਲਗਾਇਆ ਸੀ।

ਬੰਟੀ ਤੇਰੇ ਡੈਡੀ ਨੂੰ ਪਤਾ ਲੱਗ ਗਿਆ ਤਾਂ...ਤੈਨੂੰ ਕੱਲ੍ਹ ਕਿਹਾ ਸੀ ਨਾ ਬਈ ਪੰਛੀਆਂ ’ਤੇ ਨਿਸ਼ਾਨਾ ਨਹੀਂ ਲਾਉਂਣਾ।

ਆਪਾਂ ਨੇ ਤਾਂ ਇਨ੍ਹਾਂ ਦੀ ਰੱਖਿਆ ਕਰਨੀ ਐ। ਮੈ ਹਰ ਰੋਜ਼ ਕੋਠੇ ’ਤੇ ਪਾਣੀ ਰੱਖਦੀ ਆਂ। ਚੋਗਾ ਪਾਉਂਨੀ ਆਂ।’’

ਮੰਮੀ ਆਪ ਤਾਂ ਕਹਿੰਨੇ ਹੁੰਨੇ ਓ। ਮਿਹਨਤ ਕਰੋ, ਮਿਹਨਤ ਕਰੋ। ਸਫ਼ਲਤਾ ਮਿਲਦੀ ਐ। ਮੈਂ ਵੱਡਾ ਹੋ ਕੇ ਤੀਰ-ਕਮਾਨ ਵਾਲ਼ੀ ਖੇਡ ਖੇਡਾਂਗਾ।

''ਛੱਡ ਇਹ ਖੇਡ...ਨਹਾ ਲੈ, ਫੇਰ ਖਾਣਾ ਖਾ ਕੇ ਸਕੂਲ ਦਾ ਕੰਮ ਕਰੀਂ...। ਬਾਅਦ 'ਚ ਖੇਡ ਲਵੀਂ।''

ਜਸਵਿੰਦਰ ਅੰਦਰ ਆ ਗਈ।

ਪਿੱਛੇ-ਪਿੱਛੇ ਬੰਟੀ ਭੱਜਿਆ ਆਉਂਦਾ ਬੋਲਿਆ, ''ਮੰਮੀ ਮੈਂ ਨਹਾ ਕੇ ਜਲਦੀ ਤਿਆਰ ਹੋਣਾ ਅੱਜ।'' ਉਸ ਨੂੰ ਮੀਤੇ ਨਾਲ਼ ਕੀਤਾ ਵਾਅਦਾ ਯਾਦ ਆ ਗਿਆ। ਉਹ ਤੌਲੀਆ ਲੈ ਕੇ ਨਹਾਉਣ ਚਲਾ ਗਿਆ।

ਜਸਵਿੰਦਰ ਰਸੋਈ ਵਿੱਚ ਕੰਮ ਕਰ ਰਹੀ ਸੀ। ਰੌਣੀ ਆਪਣੀ ਕਿਤਾਬ ਵਿੱਚੋਂ ''ਕਹੀ ਹੱਸ ਪਈ'' ਕਹਾਣੀ ਪੜ੍ਹ ਰਹੀ ਸੀ। ਬੰਟੀ ਮਲਕੜੇ ਜਿਹੇ ਬਾਹਰ ਨਿਕਲ ਗਿਆ। ਤੀਰ-ਕਮਾਨ ਉਸਨੇ ਵਿਹੜੇ ਵਿੱਚ ਹੀ ਰੱਖਿਆ ਸੀ। ਉਹ ਹੌਲ਼ੀ-ਹੌਲ਼ੀ ਗਲ਼ੀ ਵਿੱਚ ਆ ਗਿਆ। ਉਸ ਨੇ ਦੇਖਿਆ ਮੀਕਾ ਮੋੜ ਤੇ ਖੜ੍ਹਾ ਸੀ। ਦੋਵੇਂ ਦੋਸਤ ਮਿਲ ਕੇ ਫੁੱਲਾਂ ਵਾਂਗ ਖਿੜ ਗਏ। ਦੂਜੇ ਪਲ ਉਹ ਬਾਗ਼ ਵੱਲ ਨੂੰ ਜਾ ਰਹੇ ਸਨ।

''ਅੱਜ ਦੋਵੇਂ ਮਿਲ ਕੇ ਨਿਸ਼ਾਨਾ ਲਾਉਣਾ ਸਿੱਖਾਂਗੇ।'' ਦੋਵੇਂ ਹੱਸ-ਹੱਸ ਗੱਲਾਂ ਕਰ ਰਹੇ ਸਨ।

ਉਹ ਬਾਗ਼ ਵਿੱਚ ਪੁੱਜ ਗਏ। ਰੁੱਖਾਂ ਤੇ ਪੰਛੀਆਂ ਦੀਆਂ ਡਾਰਾਂ ਬੈਠੀਆਂ ਸਨ। ਉਹ ਪੰਛੀਆਂ ਤੇ ਨਿਸ਼ਾਨੇ ਲਗਾਉਣ ਲੱਗ ਪਏ। ਉਹਨਾਂ ਦੇ ਤੀਰ ਰੁੱਖਾਂ ਦੀਆਂ ਟਹਿਣੀਆਂ ਤੱਕ ਪਹੁੰਚ ਹੀ ਨਹੀਂ ਰਹੇ ਸਨ। ਉਹਨਾਂ ਨੇ ਜ਼ੋਰ ਨਾਲ਼ ਕਮਾਨਾਂ ਖਿੱਚੀਆਂ ਤਾਂ ਉਹ ਤੜਾਕ ਕਰਕੇ ਟੁੱਟ ਗਈਆਂ।

''ਹਾ...ਹਾ...ਹਾ...'' ਉਹਨਾਂ ਦੇ ਪਿੱਛੇ ਖੜ੍ਹਾ ਕੋਈ ਹੱਸ ਰਿਹਾ ਸੀ। ਉਹ ਡਰ ਗਏ। ਦੋਵਾਂ ਨੇ ਪਿੱਛੇ ਮੁੜ ਕੇ ਦੇਖਿਆ।

''ਤੁਸੀਂ ਇੱਥੇ ਕੀ ਕਰ ਰਹੇ ਹੋ ਨਿਆਣਿਓ।'' ਮਾਲੀ ਬੋਲਿਆ।

''ਅਸੀਂ...ਅਸੀਂ। । ਤੀਰ ਚਲਾਉਣਾ ਸਿੱਖਦੇ ਸੀ।'' ਉਹ ਇੱਕਠੇ ਬੋਲੇ।

''ਇਹਨਾਂ ਨਾਲ਼'' ਉਹਨਾਂ ਨੇ ਟੁੱਟੀਆਂ ਕਮਾਨਾਂ ਵੱਲ ਇਸ਼ਾਰਾ ਕੀਤਾ।

''ਆਓ ਮੇਰੇ ਨਾਲ਼...ਥੋਨੂੰ ਨਿਸ਼ਾਨਾ ਲਗਾਉਣਾ ਸਿਖਾਵਾਂ।''

''ਨਿਸ਼ਾਨਾ? ਮੈਨੂੰ ਸਿਖਾਓ। ਮੈਂ ਸਿੱਖਾਂਗਾ।'' ਮੀਕਾ ਇੱਕ ਦਮ ਬੋਲਿਆ।

''ਲੈ ਆਹ ਫੜ ਗੁਲੇਲ ਤੇ ਗੁਲੇਲੇ, ਲਾ ਨਿਸ਼ਾਨੇ।

''ਪੰਛੀਆਂ ਤੇ।''

''ਹਾਂ...ਇਹ ਫ਼ਲਦਾਰ ਰੁੱਖ਼ਾਂ ਤੋਂ ਪੰਛੀ ਉਡਾਓ।''

ਮੀਕਾ ਗੁਲੇਲ ਫੜ ਕੇ ਫ਼ੁਰਤੀ ਨਾਲ਼ ਨਿਸ਼ਾਨੇ ਲਗਾਉਣ ਲੱਗ ਪਿਆ। ਬੰਟੀ ਦੇਖ ਰਿਹਾ ਸੀ

''ਇਸਤੋਂ ਬਾਅਦ ਤੇਰੀ ਬਾਰੀ।'' ਬੰਟੀ ਵੱਲ ਇਸ਼ਾਰਾ ਕਰ ਕੇ ਮਾਲੀ ਪੰਛੀ ਉਡਾਉਣ ਲਈ ਡੱਬਾ ਖੜਕਾਉਂਦਾ ਅੱਗੇ ਲੰਘ ਗਿਆ।

ਨਾ...ਅ...ਮੈਂ ਨੀ...ਮੈਂ ਤਾਂ ਘਰ ਨੂੰ ਚੱਲਿਆ। ਉਸ ਦੇ ਦੇਖਦਿਆਂ ਮੀਕੇ ਨੇ ਅਜਿਹਾ ਨਿਸ਼ਾਨਾ ਲਾਇਆ ਕਿ ਗੁਟਾਰ ਠੱਕ ਦੇਣੇ ਧਰਤੀ 'ਤੇ ਆ ਡਿੱਗੀ। ਮੀਕਾ ਨੱਚ ਰਿਹਾ ਸੀ। ''ਬੰਟੀ ਦੇਖ ਮੇਰਾ ਨਿਸ਼ਾਨਾ।''

''ਬੱਲੇ ਮੁੰਡਿਆ'', ਮਾਲੀ ਨੇ ਉਸਦਾ ਹੌਸਲਾ ਵਧਾਇਆ।

ਬੰਟੀ ਗੁਟਾਰ ਨੂੰ ਲਹੂ-ਲੁਹਾਣ ਦੇਖ ਘਬਰਾ ਕੇ ਘਰ ਵੱਲ ਨੂੰ ਤੁਰ ਪਿਆ। ਉਸਨੂੰ ਮੰਮੀ ਦੀ ਪੰਛੀਆਂ ਨੂੰ ਪਾਣੀ ਰੱਖਣ ਤੇ ਚੋਗਾ ਪਾਉਣ ਵਾਲ਼ੀ ਗੱਲ ਯਾਦ ਆ ਗਈ। ਉਹ ਰੋਣਹਾਕਾ ਹੋ ਗਿਆ।

ਮੀਕਾ ਨਿਸ਼ਾਨੇ ਲਗਾਉਂਦਾ ਅੱਗੇ ਨੂੰ ਜਾ ਰਿਹਾ ਸੀ।

ਬੰਟੀ ਡਿਸਕੋਰੇ ਭਰਦਾ ਘਰ ਨੂੰ ਆ ਰਿਹਾ ਸੀ। ''...ਨਾ ਅੱਗੇ ਤੋਂ ਬਿਲਕੁਲ ਨੀ, ਉਸਨੇ ਕੰਨ ਫੜ ਲਏ।'' ਉਸ ਨੇ ਘਰ ਦੇ ਦਰਵਾਜ਼ੇ ਕੋਲ਼ ਪਹੁੰਚ ਪਿੱਛੇ ਮੁੜਕੇ ਦੇਖਿਆ, ਉਸਨੂੰ ਲੱਗਿਆ ਜਿਵੇਂ ਮੀਕਾ ਇਹ ਕਹਿੰਦਾ ਉਸਦੇ ਮਗਰ ਭੱਜਿਆ ਆ ਰਿਹਾ ਹੋਵੇ।

''ਬੰਟੀ...ਪੰਛੀਆਂ ਨੂੰ ਮਾਰਨਾ ਠੀਕ ਨਹੀਂ। ਆਪਾਂ ਇੱਕੱਠੇ ਸਾਇਕਲ ਦੀਆਂ ਦੌੜਾਂ ਲਗਾਇਆ ਕਰਾਂਗੇ।''



ਧਰਵਿੰਦਰ ਸਿੰਘ ਔਲਖ
97813-76990

# ਮੱਛਰ

ਭੀਂ-ਭੀਂ ਕਰਦਾ ਆਉਂਦਾ ਮੱਛਰ।
ਸਾਨੂੰ ਖ਼ੂਬ ਡਰਾਉਂਦਾ ਮੱਛਰ।

ਦਿਨ ਵੇਲ਼ੇ ਤਾਂ ਸੁੱਤਾ ਰਹਿੰਦਾ,
ਰਾਤੀਂ ਕਹਿਰ ਕਮਾਉਂਦਾ ਮੱਛਰ।

ਮੱਖੀ, ਭੂੰਡਾਂ, ਚੂਹਿਆਂ ਵਾਂਙੂੰ,
ਸਾਨੂੰ ਨਾ ਇਹ ਭਾਉਂਦਾ ਮੱਛਰ।

ਜਾਪੇ ਵੈਦ ਘਤਿੱਤੀ ਪੂਰਾ,
ਸਭ ਨੂੰ ਟੀਕੇ ਲਾਉਂਦਾ ਮੱਛਰ।

ਬਹੁਤਾ ਹੀ ਜ਼ਹਿਰੀਲਾ ਹੈ ਇਹ,
ਵੈਦਾਂ ਦੇ ਵੱਸ ਪਾਉਂਦਾ ਮੱਛਰ।

ਬੇਸ਼ੱਕ ਅਸੀਂ ਹਾਂ ਸੌਣਾ ਚਾਹੁੰਦੇ,
ਸਾਨੂੰ ਰਾਤ ਜਗਾਉਂਦਾ ਮੱਛਰ।

ਆਡੋਮਾਸ ਜੇ ਮਲ ਲਈਏ ਤਾਂ,
ਫੇਰ ਨਾ ਨੇੜੇ ਆਉਂਦਾ ਮੱਛਰ।

ਮੱਛਰਦਾਨੀ ਲਾ ਵੇਖੀ ਪਰ,
ਚਾਰ ਚੁਫ਼ੇਰੇ ਭੌਂਦਾ ਮੱਛਰ।

ਖ਼ੂਨ ਚੂਸ ਕੇ ਖ਼ੁਸ਼ ਹੁੰਦਾ ਹੈ,
ਗਾਣਾ ਫਿਰ ਹੈ ਗਾਉਂਦਾ ਮੱਛਰ।

ਬੱਚਾ ਇੱਕ ਜਾਂ ਦੋ ਨਾ ਜੰਮੇ,
ਜੀਆ-ਜੰਤ ਵਧਾਉਂਦਾ ਮੱਛਰ।

ਠੰਡ ਪਵੇ ਤਾਂ ਇਹ ਲੁਕ ਜਾਂਦਾ,
ਸਾਉਣ 'ਚ ਹੱਥ ਵਿਖਾਉਂਦਾ ਮੱਛਰ।



ਰਣਬੀਰ ਸਿੰਘ ਪ੍ਰਿੰਸ
98722-99613

# ਨੀਲੂ ਗਿੱਦੜ ਦੀਆਂ ਲਾਲ਼ਾਂ

ਅਕਸਰ ਜਦੋਂ ਜੰਗਲ ਦਾ ਰਾਜਾ ਸ਼ੇਰ ਸ਼ਿਕਾਰ ਕਰਕੇ ਜਾਨਵਰਾਂ ਦਾ ਮਾਸ ਖਾਂਦਾ ਤਾਂ ਨੀਲੂ ਗਿੱਦੜ ਦੇ ਮੂੰਹ ਵਿੱਚ ਪਾਣੀ ਆ ਜਾਂਦਾ ਲਾਲ਼ਾਂ ਡਿੱਗਣ ਲੱਗਦੀਆਂ। ਸ਼ੇਰ ਦੇ ਜਾਣ ਤੋਂ ਬਾਅਦ ਇੱਧਰ ਉੱਧਰ ਮੂੰਹ ਮਾਰਦਾ। ਉਸ ਦੀ ਪਤਨੀ ਬੇਲਾ ਗਿੱਦੜੀ ਉਸ ਨੂੰ ਆਪਾ ਵਿਚਾਰਨ ਦੀ ਗੱਲ ਕਰਦੀ। ਨੀਲੂ ਨੂੰ ਤਾਂ ਜਿਵੇਂ ਬਚੇ-ਖੁਚੇ ਸ਼ਿਕਾਰ ਦੀ ਆਦਤ ਹੀ ਪੈ ਗਈ। ਆਪਣੀ ਲਾਲਸਾ ਪੂਰੀ ਕਰਨ ਹੁਣ ਤਾਂ ਹੋਰ ਵੀ ਗਿਰ ਗਿਆ। ਜੰਗਲ਼ੀ ਜਾਨਵਰਾਂ ਦੇ ਭੋਲ਼ੇ ਭਾਲ਼ੇ ਬੱਚਿਆਂ ਨੂੰ ਬਹਿਲਾ-ਫੁਸਲਾ ਕੇ ਸ਼ੇਰ ਦੇ ਖ਼ੇਤਰ ਵਿੱਚ ਵਿੱਚ ਲੈ ਆਉਂਦਾ। ਸ਼ੇਰ ਉਨ੍ਹਾਂ ਨੂੰ ਝੱਟ ਮਾਰ ਦਿੰਦਾ। ਨੀਲੂ ਨੂੰ ਵੀ ਲਾਲ਼ਾਂ ਡਿੱਗਣ ਤੋਂ ਪਹਿਲਾਂ ਬਚਿਆ-ਖੁਚਿਆ ਮਾਸ ਮਿਲ ਜਾਂਦਾ।

ਸ਼ੇਰ ਨੂੰ ਬੱਚਿਆਂ ਦਾ ਨਰਮ ਤੇ ਮੁਲਾਇਮ ਮਾਸ ਵਧੀਆ ਸੁਆਦੀ ਲੱਗਣ ਲੱਗਾ, ਮਿਹਨਤ ਵੀ ਬਹੁਤ ਘੱਟ ਲੱਗਦੀ। ਗਿੱਦੜ ਤੇ ਸ਼ੇਰ ਦੀ ਕਾਟੋ ਤਾਂ ਜਿਵੇਂ ਫੁੱਲਾਂ ’ਤੇ ਸੀ। ਬੇਲਾ ਨੇ ਨੀਲੂ ਨੂੰ ਕਈ ਵਾਰ ਰੋਕਣ ਦੀ ਕੋਸ਼ਿਸ਼ ਕੀਤੀ, ਪਰ ਨੀਲੂ ਇਹ ਕਹਿ ਕੇ ਚੁੱਪ ਕਰਾ ਦਿੰਦਾ ਕਿ ਬੇਲਾ ਤੂੰ ਮਾਸ ਖਾ ਹੱਡੀਆਂ ਗਿਣ ਕੇ ਕੀ ਲੈਣਾ, ਬੇਲਾ ਚੁੱਪ ਕਰ ਜਾਂਦੀ, ਪਰ ਦੂਜੇ ਪਾਸੇ ਬੇਲਾ ਨੂੰ ਆਪਣੇ ਬੱਚਿਆਂ ਦਾ ਵੱਡਾ ਹੋਣਾ ਤੇ ਬਾਹਰ-ਖੇਡਣ ਦਾ ਡਰ ਸਤਾਉਂਦਾ ਕਿ ਕਿਤੇ ਇਹ ਵੀ ਸ਼ੇਰ ਦਾ ਸ਼ਿਕਾਰ ਨਾ ਬਣ ਜਾਣ? ਹਰ ਵੇਲ਼ੇ ਪਰਛਾਵੇਂ ਦੀ ਤਰ੍ਹਾਂ ਨਾਲ਼-ਨਾਲ਼ ਰਹਿੰਦੀ। ਓਧਰ ਜੰਗਲ ਦੇ ਜਾਨਵਰ ਨੀਲੂ ਤੇ ਸ਼ੇਰ ਦੀ ਘਟੀਆ ਚਾਲਾਂ ਤੋਂ ਸੁਚੇਤ ਰਹਿਣ ਲੱਗੇ। ਕਈ ਦਿਨਾਂ ਤੋਂ ਨਾ ਨੀਲੂ ਤੇ ਨਾ ਹੀ ਸ਼ੇਰ ਨੂੰ ਕੋਈ ਸ਼ਿਕਾਰ ਮਿਲ ਰਿਹਾ ਸੀ ਭੁੱਖ ਵੀ ਬਹੁਤ ਸਤਾ ਰਹੀ ਸੀ ਨੀਲੂ ਸ਼ਿਕਾਰ ਦੀ ਭਾਲ਼ ਵਿੱਚ ਦੂਰ ਨਿਕਲ ਗਿਆ, ਇੱਧਰ ਸ਼ੇਰ ਵੀ ਭੁੱਖ ਨਾਲ਼ ਵਿਆਕੁਲ ਹੋ ਰਿਹਾ ਸੀ ਤਾਂ ਅਚਾਨਕ ਉਸ ਦਾ ਮੂੰਹ ਨੀਲੂ ਦੀ ਗੁਫ਼ਾ ਵੱਲ ਨੂੰ ਹੋ ਤੁਰਿਆ।

ਥੋੜ੍ਹੀ ਦੂਰ ਉਸ ਨੂੰ ਨੀਲੂ ਦੇ ਬੱਚੇ ਘਾਹ ਵਿੱਚ ਖੇਡਦੇ ਨਜ਼ਰ ਆਏ। ਸ਼ੇਰ ਉਨ੍ਹਾਂ ਉੱਪਰ ਟੁੱਟ ਕੇ ਪੈ ਗਿਆ। ਬੱਚਿਆਂ ਦੀਆਂ ਚੀਕਾਂ ਸੁਣ ਕੇ ਬੇਲਾ ਨੇ ਬੱਚਿਆਂ ਨੂੰ ਬਚਾਉਣ ਲਈ ਪੂਰੀ ਵਾਹ ਲਾ ਦਿੱਤੀ, ਪਰ ਸ਼ੇਰ ਨੇ ਬੇਲਾ ਨੂੰ ਪੰਜੇ ਨਾਲ਼ ਜ਼ਖ਼ਮੀ ਕਰ ਦਿੱਤਾ ਤੇ ਉਸ ਦੀਆਂ ਅੱਖਾਂ ਸਾਹਮਣੇ ਦੋਵੇਂ ਬੱਚਿਆਂ ਨੂੰ ਘੜੀਸਦੇ ਹੋਏ ਲੈ ਗਿਆ। ਬੇਲਾ ਜ਼ਿੰਦਗੀ ਤੇ ਮੌਤ ਦੀ ਲੜਾਈ ਲੜ ਰਹੀ ਸੀ। ਉੱਧਰ ਥੱਕਿਆ ਟੁੱਟਿਆ ਭੁੱਖਾ ਤਿਰਹਾਇਆ ਨੀਲੂ ਘਰ ਵੱਲ ਪਰਤ ਰਿਹਾ ਸੀ ਤਾਂ ਅਚਾਨਕ ਉਸ ਨੂੰ ਮਾਸ ਦੇ ਬਚੇ ਖੁਚੇ ਟੁੱਕੜੇ ਨਜ਼ਰ ਆਏ ਤੇ ਉਸ ਦੇ ਮੂੰਹ ਵਿੱਚੋਂ ਲਾਲ਼ਾਂ ਟਪਕਣ ਲੱਗੀਆਂ ਤੇ ਫਟਾ-ਫਟ ਆਪਣੀ ਭੁੱਖ ਮਿਟਾਉਣ ਲੱਗਾ ਤੇ ਕੁਝ ਮਾਸ ਦੇ ਟੁੱਕੜੇ ਆਪਣੇ ਘਰ ਵੱਲ ਨੂੰ ਲੈ ਤੁਰਿਆ, ਪਰ ਜਦੋਂ ਉਸ ਨੇ ਦੇਖਿਆ ਕਿ ਇਹ ਖ਼ੂਨ ਦੇ ਧੱਬੇ ਤਾਂ ਉਸ ਦੀ ਗੁਫ਼ਾ ਵੱਲੋਂ ਹੀ ਆ ਰਹੇ ਹਨ ਤਾਂ ਉਹ ਘਬਰਾ ਗਿਆ ਤੇਜ਼ੀ ਨਾਲ਼ ਗੁਫ਼ਾ ਵੱਲ ਨੂੰ ਵਧਿਆ ਤਾਂ ਸਾਹਮਣੇ ਬੇਲਾ ਨੂੰ ਜ਼ਖ਼ਮੀ ਹਾਲਤ ਵਿੱਚ ਸਹਿਕਦਿਆਂ ਦੇਖ ਬੱਚਿਆਂ ਦੇ ਮਾਸ ਦੇ ਟੁੱਕੜੇ ਆਪਣੇ ਹੱਥ ਵਿੱਚ ਵੇਖ ਮੂੰਹ ਵਿੱਚੋਂ ਲਾਲ਼ਾਂ ਦੀ ਥਾਂ ਅੱਖਾਂ ਵਿੱਚੋਂ ਹੰਝੂ ਟਪਕ ਰਹੇ ਸਨ।

ਹਰਪ੍ਰੀਤ ਪੱਤੋ
94658-21417



# ਬਿੱਲੀ ਤੇ ਬਲੂੰਗੜੇ

ਮਾਣੋਂ ਬਿੱਲੀ ਮਾਊਂ ਮਾਊਂ ਕਰਦੀ,
ਘਰ ਸਾਡੇ ਸੀ ਆਈ।

ਬੜੀ ਪਿਆਰੀ ਡੱਬ ਖੜੱਬੀ,
ਨਾਲ਼ ਬਲੂੰਗੜੇ ਲਿਆਈ।

ਵਿਹੜੇ ਸਾਡੇ ਵਿੱਚ ਰੌਣਕ ਲੱਗੀ,
ਵੇਖਣ ਆਏ ਸਾਰੇ।

ਹਰ ਕੋਈ ਕਹੇ ਸਾਨੂੰ ਦੇ ਦਿਓ,
ਕਿੰਨੇ ਇਹ ਪਿਆਰੇ।

ਦੱਸਦੀ ਆਪਣੇ ਬੱਚਿਆਂ ਤਾਈਂ,
ਕਿਵੇਂ ਸ਼ਿਕਾਰ ਹੈ ਕਰਨਾ।

ਹੌਲ਼ੀ-ਹੌਲ਼ੀ ਰੁੱਖ਼ ਤੇ ਚੜ੍ਹਕੇ,
ਪੰਛੀਆਂ ਤਾਂਈ ਫੜਨਾ।

ਬਲੂੰਗੜਿਆਂ ਨੂੰ ਹੱਥ ਜੇ ਲਾਈਏ,
ਘੁਰ-ਘੁਰ ਉਹ ਕਰਦੀ।

ਬੱਚਿਓ, ਤੁਸੀਂ ਹੱਥ ਨਾ ਲਾਇਓ,
ਮੰਮੀ ਮੇਰੀ ਡਰਦੀ।

ਗਟ-ਗਟ ਕਰਕੇ ਦੁੱਧ ਨੂੰ ਪੀਂਦੇ,
ਜਦ ਵੀ ਮੂਹਰੇ ਧਰੀਏ।

ਪੱਤੋ, ਆਖੇ ਘਰ ਦੁੱਧ ਮੁੱਲਦਾ,
ਪੂਰਾ ਕਿੱਥੋਂ ਕਰੀਏ।



# ਕਲਮ ਤੇ ਬੰਦੂਕ

ਤੁਸੀਂ ਹੱਥੋਂ ਛੱਡੋ ਬੰਦੂਕਾਂ ਨੂੰ,
ਕਲਮਾਂ ਲਓ ਸੰਭਾਲ਼।

ਰਾਜ ਕਲਮਾਂ ਹੀ ਕਰਦੀਆਂ,
ਬੰਦੂਕਾਂ ਕਰਨ ਕੰਗਾਲ।

ਕਲਮ ਲਿਖੇ ਵਿੱਚ ਕਿਤਾਬ ਦੇ,
ਗਿਆਨ ਬੇ ਮਸਾਲ।

ਜਦ ਅੰਦਰ ਚਾਨਣ ਹੋ ਗਿਆ,
ਲੱਗ ਜਾਣੀ ਫੇਰ ਜੰਗਾਲ।

ਮਨੁੱਖ ਕਿਉਂ ਨੀਂ ਇਹ ਸਮਝਦਾ,
ਸ਼ੈਤਾਨਾਂ ਦੀ ਚਾਲ।

ਮਰਦੀ ਦੋਵੇਂ ਪਾਸੇ ਮਨੁੱਖਤਾ,
ਖ਼ੰਜਰ, ਬੰਦੂਕਾਂ ਨਾਲ਼।

ਰਹਿਬਰ ਸਾਡੇ ਪਏ ਆਖਦੇ,
ਸਭੇ ਨੇ ਸਾਂਝੀਵਾਲ।

ਤਿਆਗੋ ਤੁਸੀਂ ਮਾੜੀ ਸੋਚ ਨੂੰ,
ਬਦਲ ਲਓ ਖ਼ਿਆਲ।

ਪੱਤੋ, ਮੁੜ ਪਓ ਘਰ ਆਪਣੇ,
ਰਹੇ ਕਿਉਂ ਜ਼ਿੰਦਗੀ ਗਾਲ਼।

ਹਰੀ ਕ੍ਰਿਸ਼ਨ ਮਾਇਰ



# ਇਮਾਨਦਾਰੀ ਦਾ ਫ਼ਲ ਮਿੱਠਾ

ਇੱਕ ਛੋਟਾ ਜਿਹਾ ਪਿੰਡ ਸੀ। ਕੁਲਦੀਪ ਅਤੇ ਅਮਰ ਦੋਵੇਂ ਮਾਂ ਪੁੱਤ ਇਸੇ ਪਿੰਡ ਵਿੱਚ ਰਹਿੰਦੇ ਸਨ। ਇੱਕ ਨਿੱਕੀ ਜਿਹੀ ਝੁੱਗੀ ਵਿੱਚ ਉਨ੍ਹਾਂ ਦੀ ਦੁਕਾਨ ਸੀ। ਇੱਥੇ ਚਾਹ ਦੁੱਧ ਅਤੇ ਪਰੌਂਠੇ ਮਿਲਦੇ ਸਨ। ਲੋਕੀ ਦੱਸਦੇ ਸਨ ਕਿ ਅਮਰ ਦਾ ਪਿਓ ਕਈ ਸਾਲ ਪਹਿਲਾਂ ਘਰੋਂ ਪਤਾ ਨਹੀਂ ਕਿਤੇ ਚਲਾ ਗਿਆ ਸੀ। ਘਰ ਵਾਪਸ ਨਹੀ ਸੀ ਮੁੜਿਆ। ਛੋਟੇ ਅਮਰ ਨੂੰ ਕੁੱਛੜ ਚੁੱਕੀ ਕੁਲਦੀਪ ਪਹਿਲਾਂ ਤਾਂ ਰੋਂਦੀ ਕਲਪਦੀ ਰਹੀ। ਫੇਰ ਭੁੱਖ ਦਾ ਹੱਲ ਕੱਢਣ ਲਈ ਉਸ ਦੇ ਅੰਦਰ ਜਿਵੇਂ ਕੋਈ ਸ਼ਕਤੀ ਜਾਗ ਪਈ। ਉਸ ਨੇ ਅਮਰ ਦੇ ਪਿਓ ਵਾਲ਼ੀ ਅੰਗੀਠੀ, ਕੜਾਹੀ ਤੇ ਹੋਰ ਭਾਂਡੇ ਚੁੱਕੇ ਅਤੇ ਦੁਕਾਨ ਤੇ ਜਾ ਬੈਠੀ। ਅੱਜ ਹੋਰ, ਕੱਲ੍ਹ ਹੋਰ ਗਾਹਕ ਆਉਣੇ ਲੱਗੇ। ਸਵੇਰੇ ਮਨ ਲਾਕੇ ਚਾਹ ਪਰੌਂਠੇ ਬਣਾਉਂਦੀ। ਲੋਕੀ ਪਰੌਂਠੇ ਖਾਣ ਬੈਠਦੇ ਮੱਲੋ-ਮੱਲੀ ਦੋ-ਦੋ ਤਿੰਨ-ਤਿੰਨ ਖਾ ਕੇ ਉੱਠਦੇ। ਅਮਰ ਆਪਣੀ ਮਾਂ ਨਾਲ਼ ਚੀਜ਼ਾਂ ਚੁੱਕਣ ਰੱਖਣ ਵਿੱਚ ਮਦਦ ਕਰ ਦਿੰਦਾ। ਕਦੀ ਮਾਂ ਦੇ ਉੱਠਣ ਤੋਂ ਪਹਿਲਾਂ ਆਟਾ ਵੀ ਗੁੰਨ੍ਹ ਦਿੰਦਾ। ਆਲੂ ਉਬਲਣੇ ਰੱਖ ਦਿੰਦਾ। ਹਰੀਆਂ ਮਿਰਚਾਂ ਕੱਟ ਦਿੰਦਾ। ਸ਼ੀਸ਼ੀਆਂ ਵਿੱਚੋਂ ਮੁੱਕੇ ਲੂਣ ਮਸਾਲੇ ਭਰ ਦਿੰਦਾ।

ਰਾਤ ਆਉਂਦੀ ਤਾਂ ਦੋਵੇਂ ਮੰਜੇ ਕੇ ਥੱਕ ਟੁੱਟ ਕੇ ਡਿੱਗਦੇ। ਕੁਲਦੀਪ ਅਮਰ ਨੂੰ ਆਪਣੇ ਪਿਓ ਦਾਦਿਆਂ ਦੇ ਕਿੱਸੇ ਵੀ ਸੁਣਾਉਂਦੀ ਕਿ ਉਨ੍ਹਾਂ ਕੋਲ਼ ਧਨ ਦੌਲਤ ਦੀ ਕੋਈ ਥੋੜ੍ਹ ਨਹੀਂ ਸੀ। ਉਹ ਤਾਂ ਘੜੇ ਭਰਕੇ ਸੋਨਾ ਧਰਤੀ ਥੱਲੇ ਦੱਬ ਦਿਆ ਕਰਦੇ ਸਨ। ਇੱਕ ਦਿਨ ਦੁਕਾਨ ਬੰਦ ਸੀ। ਕੁਲਦੀਪ ਮੰਜੇ ਤੇ ਪਈ ਧੁੱਪ ਸੇਕ ਰਹੀ ਸੀ। ਅਮਰ ਕਹੀ ਨਾਲ਼ ਵਿਹੜੇ ਵਿੱਚ ਟੋਆ ਪੁੱਟ ਰਿਹਾ ਸੀ। ਟੋਆ ਥੋੜ੍ਹਾ ਡੂੰਘਾ ਹੋਇਆ ਤਾਂ ਅਮਰ ਨੇ ਟੋਏ ਵਿੱਚ ਇੱਕ ਲੋਹੇ ਦੀ ਪੱਤੀ ਪਈ ਦੇਖੀ। ਪੱਤੀ ਚੁੱਕ ਕੇ ਉਸ ਨੇ ਦੇਖਿਆ ਕਿ ਇਸ ਉਪਰ ਤਾਂ ਕੋਈ ਨਕਸ਼ਾ ਉੱਕਰਿਆ ਹੋਇਆ ਸੀ। ਨਕਸ਼ੇ ਵਿੱਚ ਦਿਸ਼ਾਵਾਂ ਦੇ ਨਾਲ਼ ਤੀਰ ਦੇ ਨਿਸ਼ਾਨ ਅਤੇ ਇੱਕ ਰੁੱਖ ਦਾ ਚਿੱਤਰ ਵੀ ਸੀ। ਨਕਸ਼ੇ ਤੋਂ ਸੰਕੇਤ ਲੈ ਕੇ ਮਾਂ ਪੁੱਤ ਦੂਜੇ ਦਿਨ ਮੂੰਹ ਨ੍ਹੇਰੇ ਹੀ ਕਹੀ ਚੁੱਕ ਕੇ ਬਾਹਰ ਆਪਣੇ ਖੇਤ ਵੱਲ ਨਿਕਲ ਪਏ। ਨਕਸ਼ੇ ਮੁਤਾਬਿਕ ਉਹ ਖੇਤ ਵਿੱਚ ਇੱਕ ਬੋਹੜ ਦੇ ਰੁੱਖ ਕੋਲ਼ ਪਹੁੰਚ ਗਏ ਅਤੇ ਲੱਗੇ ਖੁਦਾਈ ਕਰਨ। ਉੱਥੋਂ ਉਨ੍ਹਾਂ ਨੂੰ ਕਾਲ਼ੇ ਕੱਪੜੇ ਵਿੱਚ ਲਪੇਟਿਆ ਇੱਕ ਕੁੱਜਾ ਲੱਭਿਆ। ਕੱਪੜਾ ਚੁੱਕ ਕੇ ਦੇਖਿਆ, ਕੁੱਜੇ ਵਿੱਚ ਸੋਨੇ ਅਤੇ ਚਾਂਦੀ

ਦੇ ਸਿੱਕੇ ਸਨ। ਕੁਲਦੀਪ ਨੇ ਕੁੱਜੇ ਨੂੰ ਚੁੰਨੀ ਦੇ ਲੜ ਵਿੱਚ ਲਪੇਟ ਲਿਆ ਅਤੇ ਉਹ ਘਰ ਵੱਲ ਤੁਰ ਪਏ। ਤੁਰਦੇ ਤੁਰਦੇ ਪਿੱਛੇ ਮੁੜ ਕੇ ਦੇਖਦੇ ਰਹੇ ਕਿ ਕਿਤੇ ਕਿਸੇ ਨੇ ਉਨ੍ਹਾਂ ਨੂੰ ਦੇਖ ਤਾਂ ਨਹੀਂ ਸੀ ਲਿਆ। ਘਰ ਪਹੁੰਚ ਕੇ ਉਨ੍ਹਾਂ ਨੇ ਕੁੱਜਾ ਇੱਕ ਖੂੰਜੇ ਵਿੱਚ ਰੱਖ ਕੇ, ਉੱਪਰ ਟੋਕਰਾ ਮੂਧਾ ਮਾਰ ਦਿੱਤਾ। ਕੁਲਦੀਪ ਅਤੇ ਅਮਰ ਕੁੱਜੇ ਦੀ ਰਾਖੀ ਕਰਨ ਲੱਗੇ। ਸਾਰਾ ਦਿਨ ਦੁਕਾਨ ਨਹੀਂ ਸੀ ਖੋਲ੍ਹੀ। ਰਾਤੀਂ ਵੀ ਜਾਗਦੇ ਰਹੇ। ਕੁਲਦੀਪ ਦੇ ਦਿਮਾਗ਼ ਵਿੱਚ ਕੁਝ ਸਵਾਲ ਚੱਕਰ ਕੱਢਣ ਲੱਗੇ, 'ਇਹ ਕੁੱਜਾ ਤਾਂ ਸਾਥੋਂ ਸਾਡੀ ਰੋਜੀ ਰੋਟੀ ਖੋਹ ਲਵੇਗਾ।'

"ਲੋਕ ਸਾਨੂੰ ਝੂਠੇ ਅਤੇ ਚੋਰ ਉਚੱਕੇ ਸਮਝਣਗੇ।"

"ਸਾਨੂੰ ਸੌ ਤਰ੍ਹਾਂ ਦੀਆਂ ਤੁਹਮਤਾਂ ਅਤੇ ਨਫ਼ਰਤ ਦਾ ਸਾਮ੍ਹਣਾ ਕਰਨਾ ਪਵੇਗਾ।"

"ਕੱਲ੍ਹ ਨੂੰ ਕੁੱਜੇ ਦਾ ਕੋਈ ਝੂਠਾ ਮਾਲਕ ਟਪਕ ਪਵੇਗਾ।"

"ਮੈਂ ਭੋਰਾ ਜੁਆਕ ਨੂੰ ਲੈ ਕੇ ਕੀਹਨੂੰ ਕੀਹਨੂੰ ਸਫ਼ਾਈਆਂ ਦਿੰਦੀ ਫਿਰੂੰ?"

ਉਸ ਦੇ ਅੰਦਰੋਂ ਇੱਕ ਹੋਰ ਵਿਰੋਧੀ ਆਵਾਜ਼ ਉੱਭਰੀ,

"ਅੱਜ ਕੱਲ੍ਹ ਲੋਕ ਦਸ ਰੁਪਈਏ ਲੈ ਕੇ ਮੁੱਕਰ ਜਾਂਦੇ ਨੇ। ਤੂੰ ਸਤਜੁਗੀ ਨਾਂ ਬਣ, ਸਿਆਣਪ ਤੋਂ ਕੰਮ ਲੈ, ਕੁੱਜੇ ਵਿੱਚਲਾ ਖ਼ਜ਼ਾਨਾ ਘਾਊਂ ਘੱਪ ਕਰ ਜਾ।"

"ਮੇਰੇ ਵਿੱਚ ਹਾਜ਼ਮਾ ਨਹੀਂ ਐਨਾ। ਇਹ ਮੇਰਾ ਸੋਨਾ ਚਾਂਦੀ ਨਹੀਂ।"ਉਸ ਦੇ ਅੰਦਰੋ ਇੱਕ ਹੋਰ ਆਵਾਜ਼ ਆਈ, "ਤੂੰ ਫੇਰ ਕੀ ਸੋਚਿਆ?"

"ਮੈਂ ਸੋਚ ਲਿਆ ਹੈ ਕਿ ਮੈਂ ਇਹ ਕੁੱਜਾ ਸਰਪੰਚ ਨੂੰ ਦੇ ਕੇ ਆਵਾਂਗੀ। ਆਖਾਂਗੀ ਇਹ ਮੈਨੂੰ ਲੱਭਿਆ ਹੈ, ਪਰ ਇਹ ਮੇਰਾ ਨਹੀਂ।"

"ਤੂੰ ਪਛਤਾਏਂਗੀ।"

"ਕੋਈ ਗੱਲ ਨਹੀਂ।"

"ਮੈਂ ਘਰੇ ਲੂਣ ਧਰ ਕੇ ਰੋਟੀ ਖਾ ਲਊਂ, ਪਰ ਇਹ ਕੁੱਜੇ ਵਿੱਚਲਾ ਧਨ ਮੈਥੋਂ ਖਾਧਾ ਨਹੀਂ ਜਾਣਾ।"

ਕੁਲਦੀਪ ਇੱਕਦਮ ਮੰਜੇ ਤੋਂ ਉੱਠੀ ਅਤੇ ਕੁੱਜਾ ਥੈਲੇ ਵਿੱਚ ਪਾਕੇ ਸਰਪੰਚ ਦੇ ਘਰ ਪਹੁੰਚ ਗਈ। ਸਰਪੰਚ ਮੂਹਰੇ ਕੁੱਜਾ ਰੱਖ ਕੇ ਬੋਲੀ, "ਸਰਪੰਚ ਸਾਬ੍ਹ ਇਹ ਕੁੱਜੇ ਵਿੱਚ ਸੋਨਾ-ਚਾਂਦੀ ਹੈ। ਮੈਨੂੰ ਇਹ ਕੁੱਜਾ ਸਾਡੇ ਰੁੱਖ਼ ਥੱਲਿਓਂ ਮਿਲਿਆ ਹੈ, ਪਰ ਇਹ ਸੋਨਾ ਚਾਂਦੀ ਮੇਰਾ ਨਹੀਂ ਹੈ। ਇਸ ਨੂੰ ਕਿਤੇ ਸਾਂਝੇ ਖ਼ਜ਼ਾਨੇ ਵਿੱਚ ਜਮ੍ਹਾਂ ਕਰ ਲਓ। ਇਹ ਕੁੱਜਾ ਮੈਂ ਤੁਹਾਡੇ ਹਵਾਲੇ ਕਰਨ ਆਈ ਹਾਂ।" ਸਰਪੰਚ ਸੋਨੇ ਚਾਂਦੀ ਦੇ ਸਿੱਕਿਆਂ ਨਾਲ਼ ਭਰਿਆ ਕੁੱਜਾ ਦੇਖਕੇ ਹੱਕਾ ਬੱਕਾ ਰਹਿ ਗਿਆ। ਉਹ ਕਦੇ ਕੁੱਜੇ ਵੱਲ ਦੇਖਦਾ, ਕਦੇ ਕੁਲਦੀਪ ਦੇ ਮੂੰਹ ਵੱਲ। ਉਹ ਬੋਲਿਆ", ਮੈਂ ਤੇਰੇ ਵਰਗੀ ਇਮਾਨਦਾਰ ਔਰਤ ਜ਼ਿੰਦਗੀ ਵਿੱਚ ਪਹਿਲੀ ਵਾਰ ਦੇਖ ਰਿਹਾ ਹਾਂ। ਕੁਲਦੀਪ ਨੀਵੀਂ ਪਾਈ ਖੜ੍ਹੀ ਰਹੀ।

"ਇਹ ਸੋਨਾ ਚਾਂਦੀ ਤੁਹਾਡੇ ਘਰੋਂ ਮਿਲਿਆ ਹੈ, ਥੋਡੇ ਰੁੱਖ਼ ਥੱਲਿਓਂ ਲੱਭਿਆ ਹੈ, ਇਸ ਖ਼ਜ਼ਾਨੇ ਦੇ ਮਾਲਕ ਤੁਸੀਂ ਹੀ ਹੋ, ਪਿੰਡ ਨਹੀਂ, ਨਾ ਮੈਂ, ਨਾ ਹੀ ਪੰਚਾਇਤ। ਤੁਹਾਡੇ ਵੱਡੇਰਿਆਂ ਨੇ ਕਿਤੇ ਦੱਬਿਆ ਹੋਣਾ, ਕਿ ਕਦੇ ਸਾਡੇ ਪੋਤੇ-ਪੜਪੋਤਿਆਂ ਨੂੰ ਲੱਭ ਪਵੇਗਾ।"

"ਮੈਂ ਬੈਂਕ ਵਾਲਿਆਂ ਨੂੰ ਆਖ ਕੇ ਤੁਹਾਨੂੰ ਲਾਕਰ ਦੁਆ ਦਿੰਨਾ। ਇਹ ਕੁੱਜੇ 'ਚੋ ਸੋਨਾ-ਚਾਂਦੀ ਕੱਢ ਕੇ ਇੱਕ ਬੈਗ਼ ਵਿੱਚ ਪਾਕੇ ਉੱਥੇ ਰੱਖਵਾ ਦਿਆਂਗਾ।" ਇਹ ਕਹਿੰਦਾ ਕਹਿੰਦਾ ਸਰਪੰਚ ਘੜੀ ਤੇ ਟਾਇਮ ਵਿਹੰਦਾ ਉੱਠ ਕੇ ਕੁਲਦੀਪ ਦੇ ਨਾਲ਼ ਬੈਂਕ ਵੱਲ ਤੁਰ ਪਿਆ। ਉਸ ਨੇ ਕੁਲਦੀਪ ਨੂੰ ਲਾਕਰ ਦਿਵਾ ਕੇ ਸੋਨਾ-ਚਾਂਦੀ ਲਾਕਰ ਵਿੱਚ ਰੱਖਵਾ ਦਿੱਤਾ ਸੀ। ਕੁਲਦੀਪ ਦੀ ਇਮਾਨਦਾਰੀ ਦੀ ਗੱਲ ਸਾਰੇ ਪਿੰਡ ਵਿੱਚ ਘੁੰਮ ਗਈ ਸੀ। ਦੋ ਦਿਨ ਦੁਕਾਨ ਬੰਦ ਰਹੀ। ਸਿਰ ਤੋਂ ਇੱਕ ਬੋਝ ਉਤਾਰ ਕੇ ਕੁਲਦੀਪ ਦੁਕਾਨ 'ਤੇ ਮੁੜ ਆਈ। ਦਿਨ ਲੰਘਣ ਲੱਗੇ। ਉਸ ਦੀ ਦੁਕਾਨ ਪਹਿਲਾਂ ਨਾਲ਼ੋਂ ਵੱਧ ਕਮਾਈ ਦੇਣ ਲੱਗੀ ਸੀ। ਪਿੰਡ ਵਿੱਚ ਲੋਕ ਉਸਦੀ ਇਮਾਨਦਾਰੀ ਦੀ ਮਿਸਾਲ ਦੇਣ ਲੱਗ ਪਏ ਸਨ। ਦਿਨਾਂ ਵਿੱਚ ਉਸ ਨੇ

ਰਹਿਣ ਲਈ ਦੋ ਪੱਕੇ ਕਮਰੇ ਪਾ ਲਏ ਸਨ। ਅਮਰ ਨੂੰ ਸਕੂਲ ਪੜ੍ਹਨ ਲਾ ਦਿੱਤਾ ਸੀ। ਕੁਲਦੀਪ ਤੜਕੇ ਉਠ ਕੇ ਅਮਰ ਨੂੰ ਸਕੂਲ ਲਈ ਤਿਆਰ ਕਰਦੀ। ਦੁਕਾਨ ਲਈ ਆਟਾ, ਆਲੂ, ਹੋਰ ਨਿੱਕ ਸੁੱਕ ਤਿਆਰ ਕਰਦੀ।

ਅੱਜ ਦੋਵੇਂ ਮਾਂ ਪੁੱਤ ''ਕੱਠੇ ਘਰੋਂ ਨਿਕਲੇ ਸਨ। ਅਮਰ ਨੂੰ ਸਕੂਲ ਛੱਡ ਕੇ, ਉਸ ਨੇ ਆ ਕੇ ਦੁਕਾਨ ਖੋਲ੍ਹ ਲਈ ਸੀ। ਧੂਫ਼-ਬੱਤੀ ਕਰਦਿਆਂ ਉਸ ਨੂੰ ਅਮਰ ਦੇ ਬਾਪੂ ਦਾ ਚੇਤਾ ਆ ਗਿਆ। ਆਪਣੇ ਆਪ ਨਾਲ਼ ਗੱਲਾਂ ਕਰਨ ਲੱਗੀ'', ਆਹ ਦੇਖ ਅਮਰ ਦੇ ਬਾਪੂ! ਰੱਬ ਨੇ ਮੇਰੀ ਝੋਲੀ ਖ਼ਜ਼ਾਨਿਆਂ ਨਾਲ਼ ਭਰ ਦਿੱਤੀ ਹੈ। ਤੂੰ ਸਾਡੇ ਨਾਲ਼ ਹੁੰਦਾ ਤਾਂ ਰਲ਼ ਕੇ ਫੁਲਵਾੜੀ ਨੂੰ ਮਹਿਕਦੀ ਨੂੰ ਦੇਖਦੇ। ਤੈਨੂੰ ਪਤੈ! ਆਪਣਾ ਅਮਰ ਹੁਣ ਪੜ੍ਹਨ ਲੱਗ ਪਿਆ ਹੈ। ਦਿਮਾਗ਼ ਦਾ ਬੜਾ ਤੇਜ਼ ਨਿਕਲਿਆ। ਜਮਾਂ ਈ ਤੇਰੇ 'ਤੇ ਗਿਆ। ਕੁਲਦੀਪ ਦੀਆਂ ਅੱਖਾਂ ਭਰ ਆਈਆਂ ਸਨ। ਸੋਚਾਂ ਦੀ ਲੜੀ ਉਦੋਂ ਟੁੱਟੀ ਜਦੋਂ ਉਸ ਨੇ ਵਰਦੀ ਵਿੱਚ ਸੱਜਿਆ ਸੰਵਰਿਆ, ਮੋਢਿਆਂ ਤੇ ਪਿੱਠੂ ਬੈਗ਼ ਪਾਈ ਅਮਰ ਨੂੰ ਸਕੂਲੋਂ, ਦੁਕਾਨ ਵੱਲ ਆਉਂਦਿਆਂ ਦੇਖਿਆ।



ਮਰਕਸ ਪਾਲ ਗੁਮਟਾਲਾ
98720-70182

# ਵਿੱਦਿਆ


ਨਾ ਡਰਨਾ ਕਦੇ ਪੜ੍ਹਾਈ ਤੋਂ,
ਇਹ ਜ਼ਿੰਦਗੀ ਬਣਾਉਂਦੀ ਏ।
ਦਿਮਾਗ਼ ਨੂੰ ਰੌਸ਼ਨ ਕਰਕੇ,
ਚੰਦਰਮਾ ਤੱਕ ਪਹੁੰਚਾਉਂਦੀ ਏ।

ਮਾਪਿਆਂ ਦੀ ਸੇਵਾ ਕਰ-ਕਰ ਕੇ,
ਪਾਉਣਾ ਮੁੱਲ ਪੜ੍ਹਾਈ ਦਾ।
ਛੱਡਣਾ ਨਹੀਂ ਏ ਪੱਲਾ ਕਦੇ ਵੀ,
ਨੇਕੀ ਅਤੇ ਸਚਾਈ ਦਾ।
ਸਾਡੇ ਅੰਦਰ ਵਿੱਦਿਆ ਮਾਤਾ,
ਗੁਣ ਚੰਗੇ ਰੁਸ਼ਨਾਉਂਦੀ ਏ।
ਨਾ ਡਰਨਾ ਕਦੇ ਪੜ੍ਹਾਈ ਤੋਂ।

ਪਰ-ਉਪਕਾਰੀ ਬਣ ਸਾਡੇ ਲਈ,
ਜ਼ਿੰਦਗੀ 'ਚ ਖ਼ੁਸ਼ੀਆਂ ਭਰ ਜਾਂਦੀ।
ਜੋ ਦਿਲ ਲਾ ਕੇ ਇਹਨੂੰ ਪੜ੍ਹਦੇ,
ਕੁਲ ਉਹਦੀ ਸਾਰੀ ਤਰ ਜਾਂਦੀ।
ਰੱਜ ਕਰੋ ਸਤਿਕਾਰ ਏਸ ਦਾ,
ਇਹ ਅਕਲਾਂ ਸਿਖਾਉਂਦੀ ਏ।
ਨਾ ਡਰਨਾ ਕਦੇ ਪੜ੍ਹਾਈ ਤੋਂ।

ਵਿੱਦਿਆ ਇੱਕ ਅਨਮੋਲ ਖ਼ਜ਼ਾਨਾ,
ਇਹ ਲੁੱਟ ਕਦੇ ਕੋਈ ਸਕਦਾ ਨਾ।
ਜੱਗ ਵਿੱਚ ਉੱਚਾ ਮਾਣ ਦਵਾਵੇ,
ਪੜ੍ਹ-ਪੜ੍ਹ 'ਮਰਕਸ' ਥੱਕਦਾ ਨਾ।
'ਗੁਮਟਾਲੇ' ਵਾਲੇ 'ਆਲਮ' ਦਾ ਵੀ,
ਇਹ ਚੰਗਾ ਮਨ ਪਰਚਾਉਂਦੀ ਏ।
ਨਾ ਡਰਨਾ ਕਦੇ ਪੜ੍ਹਾਈ ਤੋਂ।

ਗੁਰਿੰਦਰ ਸਿੰਘ ਕਲਸੀ
98881-39135



# ਚਿੜੀਆਂ

ਚਿੜੀਆਂ ਚੀਂ ਚੀਂ ਬੋਲਦੀਆਂ,
ਆਪਣੇ ਬੋਟਾਂ ਦਾ ਮੂੰਹ ਖੋਲ੍ਹਦੀਆਂ।

ਪੀਲ਼ੀਆਂ ਚੁੰਝਾਂ ਲਾਲ ਅੰਦਰੋਂ,
ਚੀਂ ਚੀਂ ਚੀਂ ਚੀਂ ਬੋਲਦੀਆਂ।

ਚੋਗੇ ਲਈ ਪੁਕਾਰ ਕਰਦੀਆਂ,
ਖਾਣ ਲਈ ਕੁਝ ਮੰਗਦੀਆਂ।

ਮਾਂ ਜਦੋਂ ਵੀ ਘਰ ਨਾ ਆਵੇ,
ਇੱਕ ਦੂਜੀ ਸੰਗ ਟਹਿਕਦੀਆਂ।

ਅਜੇ ਕਮਜ਼ੋਰ ਨੇ ਫੁੱਲਾਂ ਵਾਂਗੂ,
ਫੁੱਲਾਂ ਵਾਂਗੂ ਮਹਿਕਦੀਆਂ।

ਮਾਂ ਜਦੋਂ ਵੀ ਲਿਆਵੇ ਖਾਣਾ,
ਰਲ਼ ਮਿਲ ਕੇ ਨੇ ਚਹਿਕਦੀਆਂ।

ਕਰਮਜੀਤ ਸਿੰਘ ਗਰੇਵਾਲ
98728-68913



# ਨਿੱਕੇ ਬੱਚਿਆਂ ਲਈ ਬੋਲੀਆਂ

ਬਾਰੀ ਬਰਸੀ ਖੱਟਣ ਗਿਆ ਸੀ
ਖੱਟ ਕੇ ਲਿਆਂਦੇ ਗੰਨੇ।
ਬਾਲ ਸਿਆਣਾ ਜੋ ਮਾਪਿਆਂ ਦਾ ਕਿਹਾ ਮੰਨੇ।

ਬਾਰੀ ਬਰਸੀ ਖੱਟਣ ਗਿਆ ਸੀ
ਖੱਟ ਕੇ ਲਿਆਂਦੀ ਰਾਈ।
ਵੱਡੇ ਬਣਨਾ ਜੇ ਕਰਨੀ ਪਊ ਪੜ੍ਹਾਈ।

ਬਾਰੀ ਬਰਸੀ ਖੱਟਣ ਗਿਆ ਸੀ
ਖੱਟ ਕੇ ਲਿਆਂਦਾ ਗਾਨਾ
ਮਿਹਨਤੀ ਬੱਚਿਆਂ ਦੀ ਕਰਦਾ ਕਦਰ ਜ਼ਮਾਨਾ।

ਬਾਰੀ ਬਰਸੀ ਖੱਟਣ ਗਿਆ ਸੀ
ਖੱਟ ਕੇ ਲਿਆਂਦਾ ਖਿਡੌਣਾ।
ਹਿੰਮਤੀ ਬੱਚਿਆਂ ਨੇ ਮੈਰਿਟ ਦੇ ਵਿੱਚ ਆਉਣਾ।

ਮੋਬਾਈਲ ਫ਼ੋਨ ਨੂੰ ਪਾਸੇ ਰੱਖ ਕੇ
ਜਿਹੜੇ ਬੱਚੇ ਪੜ੍ਹਦੇ।
ਪੌੜੀ ਜ਼ਿੰਦਗੀ ਦੀ ਉੱਚੀ ਓਹੀ ਚੜ੍ਹਦੇ।

ਜੰਕ ਫੂਡ ਤਾਂ ਰੋਗ ਲਗਾਉਂਦੇ
ਪੇਟ 'ਚ ਕਰਨ ਅਫ਼ਾਰਾ।
ਸਬਜ਼ੀਆਂ ਹਰੀਆਂ ਨੇ ਦੇਣਾ ਖ਼ੂਬ ਨਜ਼ਾਰਾ।

ਤੰਦਰੁਸਤ ਪੰਜਾਬ ਵਾਸਤੇ
ਘਰ-ਘਰ ਹੋਕਾ ਲਾਉਣਾ।
ਸੁਹਣੀ ਸਿਹਤ ਲਈ ਸਭ ਨੇ ਹਿੱਸਾ ਪਾਉਣਾ।

ਨਾਟਕ

ਪ੍ਰੋ.ਰਾਮ ਲਾਲ ਭਗਤ
98550-02264

# ਹੈਪੀ ਟੀਚਰ ਡੇ



ਸਾਰੇ ਬੱਚੇ: ਹੈਪੀ ਟੀਚਰ ਡੇ
ਹੈਪੀ ਟੀਚਰ ਡੇ
ਹੈਪੀ ਟੀਚਰ ਡੇ
ਹੈਪੀ ਟੀਚਰ ਡੇ

ਪਹਿਲੀ ਲੜਕੀ: ਤੁਸੀਂ ਹੋ ਅਸਾਡੇ
ਸੁਫ਼ਨਿਆਂ ਦੇ ਫ਼ਰਿਸਤੇ।

ਦੂਸਰੀ ਲੜਕੀ: ਤੁਸੀਂ ਹੋ ਅਸਾਡੇ
ਮੰਜ਼ਿਲਾਂ ਦੇ ਰਸਤੇ।

ਸਾਰੇ ਬੱਚੇ: ਹੈਪੀ ਟੀਚਰ ਡੇ
ਹੈਪੀ ਟੀਚਰ ਡੇ
ਹੈਪੀ ਟੀਚਰ ਡੇ
ਹੈਪੀ ਟੀਚਰ ਡੇ

ਪਹਿਲੀ ਲੜਕੀ: ਨਮਸਕਾਰ ਜੀ
(ਹੱਥ ਜੋੜ ਕੇ) ਪ੍ਰਿੰਸੀਪਲ ਜੀ।

(ਸਾਰੀਆਂ ਹੀ ਇੱਕ-ਦੂਸਰੇ ਦਾ ਹੱਥ ਫੜਿਆ ਹੋਇਆ ਹੈ, ਨੱਚਦੀਆਂ-ਟੱਪਦੀਆਂ ਸੁਹਣੇ ਅਜਿਹੇ ਗੋਲ-ਚੱਕਰ ਝੂੰਮਦੀਆਂ ਨਜ਼ਰ ਆਉਂਦੀਆਂ ਹਨ।)

ਦੂਸਰੀ ਲੜਕੀ: ਇੱਕ ਫੁੱਲ ਲਗਾ ਲੋ ਜੀ
ਇੱਕ ਫੁੱਲ ਲਗਾ ਲੋ ਜੀ।

ਪਹਿਲੀ ਲੜਕੀ: ਤੁਸੀਂ ਅਸਾਡੇ ਅਫ਼ਸਰ ਜੀ,
ਸੁੰਦਰ ਤੁਹਾਡਾ ਦਫ਼ਤਰ ਜੀ।

ਸਾਰੇ ਬੱਚੇ: ਹੈਪੀ ਟੀਚਰ ਡੇ

(ਪ੍ਰਿੰਸੀਪਲ ਜੀ ਤੇ ਸਾਰੇ ਬੱਚੇ ਫੁੱਲਾਂ ਦੀ ਬਰਸਾਤ ਕਰਦੇ ਹੋਏ।)

ਹੈਪੀ ਟੀਚਰ ਡੇ
ਹੈਪੀ ਟੀਚਰ ਡੇ
ਹੈਪੀ ਟੀਚਰ ਡੇ

ਪਹਿਲੀ ਲੜਕੀ: (ਹੱਥ ਜੋੜ ਕੇ) ਸਤਿ ਸ੍ਰੀ ਅਕਾਲ ਜੀ, ਸਾਇੰਸ ਵਾਲ਼ੇ ਮੈਡਮ ਜੀ।

ਦੂਸਰੀ ਲੜਕੀ: ਇੱਕ ਫੁੱਲ ਲਗਾ ਲੋ ਜੀ
ਇੱਕ ਫੁੱਲ ਲਗਾ ਲੋ ਜੀ।

ਪਹਿਲੀ ਲੜਕੀ: ਤੁਸੀਂ ਅਸਾਡੇ ਵਿਗਿਆਨੀ ਹੋ, ਤੁਸੀਂ ਅਸਾਡੇ ਗਿਆਨੀ ਹੋ। (ਸਾਰੇ ਬੱਚੇ ਸਾਇੰਸ ਵਾਲ਼ੇ ਮੈਡਮ ’ਤੇ ਫੁੱਲਾਂ ਦੀ ਬਰਸਾਤ ਕਰਦੇ ਹੋਏ।)

ਸਾਰੇ ਬੱਚੇ: ਹੈਪੀ ਟੀਚਰ ਡੇ
ਹੈਪੀ ਟੀਚਰ ਡੇ
ਹੈਪੀ ਟੀਚਰ ਡੇ
ਹੈਪੀ ਟੀਚਰ ਡੇ

ਪਹਿਲੀ ਲੜਕੀ: (ਹੱਥ ਜੋੜ ਕੇ) ਰਾਮ-ਰਾਮ ਜੀ
ਹਿੰਦੀ ਵਾਲ਼ੇ ਮੈਡਮ ਜੀ।

ਦੂਸਰੀ ਲੜਕੀ: ਇੱਕ ਫੁੱਲ ਲਗਾ ਲੋ ਜੀ
ਇੱਕ ਫੁੱਲ ਲਗਾ ਲੋ ਜੀ।

ਪਹਿਲੀ ਲੜਕੀ: ਹਮ ਹਿੰਦੋਸਤਾਨੀ ਹੈਂ
ਹਿੰਦੀ ਜਾਨ ਸੇ ਪਿਆਰੀ ਹੈ।
(ਸਾਰੇ ਬੱਚੇ ਹਿੰਦੀ ਵਾਲ਼ੇ ਮੈਡਮ ਤੇ ਫੁੱਲਾਂ ਦੀ ਬਰਸਾਤ ਕਰਦੇ ਹੋਏ।)

ਸਾਰੇ ਬੱਚੇ: ਹੈਪੀ ਟੀਚਰ ਡੇ
ਹੈਪੀ ਟੀਚਰ ਡੇ
ਹੈਪੀ ਟੀਚਰ ਡੇ
ਹੈਪੀ ਟੀਚਰ ਡੇ।

ਪਹਿਲੀ ਲੜਕੀ: ਹੱਥ ਜੋੜ ਕੇ
ਹੈਲੋ-ਹੈਲੋ ਐੱਸ.ਐੱਸ. ਮਾਸਟਰ ਜੀ।

ਦੂਸਰੀ ਲੜਕੀ: ਇੱਕ ਫੁੱਲ ਲਗਾ ਲੋ ਜੀ
ਇੱਕ ਫੁੱਲ ਲਗਾ ਲੋ ਜੀ।

ਪਹਿਲੀ ਲੜਕੀ: ਕਸ਼ਮੀਰ ਸੇ ਕੰਨਿਆ ਕੁਮਾਰੀ ਤੱਕ ਸਾਰਾ ਹਿੰਦੋਸਤਾਨ ਹਮਾਰਾ ਹੈ। (ਸਾਰੇ ਬੱਚੇ ਐੱਸ.ਐੱਸ. ਮਾਸਟਰ ਜੀ ਤੇ ਫੁੱਲਾਂ ਦੀ ਬਰਸਾਤ ਕਰਦੇ ਹੋਏ।)

ਸਾਰੇ ਬੱਚੇ: ਹੈਪੀ ਟੀਚਰ ਡੇ
ਹੈਪੀ ਟੀਚਰ ਡੇ
ਹੈਪੀ ਟੀਚਰ ਡੇ
ਹੈਪੀ ਟੀਚਰ ਡੇ।

ਪਹਿਲੀ ਲੜਕੀ: ਤੁਸੀਂ ਹੋ ਅਸਾਡੇ
ਸੁਫ਼ਨਿਆਂ ਦੇ ਫ਼ਰਿਸਤੇ।

ਦੂਸਰੀ ਲੜਕੀ: ਤੁਸੀਂ ਹੋ ਅਸਾਡੇ
ਮੰਜ਼ਿਲਾਂ ਦੇ ਰਸਤੇ। (ਸਾਰੇ ਬੱਚੇ ਅਧਿਆਕਾਂ ਦੇ ਦੁਆਲ਼ੇ ਗੋਲ-ਚੱਕਰ ’ਚ ਇੱਕ-ਦੂਸਰੇ ਦਾ ਹੱਥ ਫੜ ਘੁੰਮਦੇ-ਘੁੰਮਦੇ ਨੱਚਦੇ-ਟੱਪਦੇ ਉੱਚੀ-ਉੱਚੀ ਬਹਾਂ ਉਲਾਰਦਿਆਂ ਗਾਉਂਦੇ ਹੋਏ।)

ਸਾਰੇ ਬੱਚੇ: ਹੈਪੀ ਟੀਚਰ ਡੇ
ਹੈਪੀ ਟੀਚਰ ਡੇ
ਹੈਪੀ ਟੀਚਰ ਡੇ
ਹੈਪੀ ਟੀਚਰ ਡੇ।
ਹੈਪੀ ਟੀਚਰ ਡੇ
ਹੈਪੀ ਟੀਚਰ ਡੇ। (ਸਮਾਪਤ)


ਮਨਮੋਹਨ ਸਿੰਘ ਭੱਲੜੀ
94635-94771



# ਜਾਗਰੂਕਤਾ

ਬਰਸਾਤ ਦਾ ਮੌਸਮ ਸੀ। ਹਰ ਪਾਸੇ ਬੂਟੇ ਲਗਾਉਣ ਦੀ ਮੁਹਿੰਮ ਚੱਲ ਰਹੀ ਸੀ। ਸ਼ਿੰਦੇ ਤੇ ਭਿੰਦੇ ਦੇ ਸਕੂਲ ਵਿੱਚ ਵੀ ਵਾਤਾਵਰਨ ਜਾਗਰੂਕਤਾ ਸਬੰਧੀ ਦਿਨ ਮਨਾਇਆ ਗਿਆ ਤੇ ਬੂਟੇ ਲਗਾਏ ਗਏ। ਮਾਸਟਰ ਜੀ ਨੇ ਸਭ ਵਿਦਿਆਰਥੀਆਂ ਨੂੰ ਬੂਟੇ ਵੰਡ ਦਿੱਤੇ ਤਾਂ ਕਿ ਸਭ ਆਪੋ-ਆਪਣੇ ਬੂਟੇ ਨੂੰ ਖਾਦ-ਪਾਣੀ ਪਾ ਕੇ ਉਸ ਦਾ ਪਾਲਣ-ਪੋਸ਼ਣ ਕਰਨ। ਸਮਾਂ ਬੀਤਦਾ ਗਿਆ, ਸਭ ਆਪਣੇ-ਆਪਣੇ ਬੂਟੇ ਨੂੰ ਸਮੇਂ-ਸਮੇਂ ਦੇ ਖਾਦ-ਪਾਣੀ ਪਾਉਂਦੇ ਗਏ। ਹੁਣ ਬੂਟੇ ਕੁਝ ਵੱਡੇ ਹੋ ਗਏ। ਸ਼ਿੰਦੇ ਤੇ ਭਿੰਦੇ ਵਿੱਚ ਆਪਣੇ ਬੂਟਿਆਂ ਦੀ ਦੇਖ-ਭਾਲ਼ ਲਈ ਹਰ ਦਿਨ ਮੁਕਾਬਲਾ ਰਹਿੰਦਾ। ਵਧੀਆ ਦੇਖ-ਭਾਲ਼ ਕਾਰਨ ਸ਼ਿੰਦੇ ਤੇ ਭਿੰਦੇ ਦੇ ਬੂਟੇ ਬਾਕੀ ਬੱਚਿਆਂ ਨਾਲ਼ੋਂ ਵੱਡੇ ਹੋ ਗਏ ਸਨ। ਇੱਕ ਦਿਨ ਖੇਡਦੇ-ਖੇਡਦੇ ਸ਼ਿੰਦੇ ਤੇ ਭਿੰਦੇ ਦੀ ਲੜਾਈ ਹੋ ਗਈ। ਭਿੰਦਾ ਮਨ ਹੀ ਮਨ ਵਿੱਚ ਉਸ ਦਾ ਕੋਈ ਨੁਕਸਾਨ ਕਰਨ ਦੀ ਸੋਚ ਕੇ ਘਰ ਚਲਾ ਗਿਆ। ਅਗਲੇ ਦਿਨ ਭਿੰਦੇ ਨੇ ਸਕੂਲ ਆਉਂਦੇ ਹੀ ਸ਼ਿੰਦੇ ਦੇ ਬੂਟੇ ਨੂੰ ਤੋੜ ਦਿੱਤਾ। ਜਦੋਂ ਸ਼ਿੰਦੇ ਨੇ ਆਪਣੇ ਟੁੱਟੇ ਹੋਏ ਬੂਟੇ ਨੂੰ ਦੇਖਿਆ ਤਾਂ ਉਹ ਬਹੁਤ ਦੁਖੀ ਹੋਇਆ ਤੇ ਫਿਰ ਉਸਨੇ ਬੂਟੇ ਨੂੰ ਤੋੜਨ ਵਾਲ਼ੇ ਦੀ ਭਾਲ਼ ਕੀਤੀ। ਉਸਨੂੰ ਪੰਜਵੀਂ ਜਮਾਤ ਦੇ ਵਿਦਿਆਰਥੀ ਨੇ ਦੱਸਿਆ ਕਿ ਇਸ ਬੂਟੇ ਨੂੰ ਭਿੰਦੇ ਨੇ ਤੋੜਿਆ ਹੈ। ਫਿਰ ਸ਼ਿੰਦੇ ਨੇ ਇਸ ਗੱਲ ਦੀ ਸ਼ਿਕਾਇਤ ਮਾਸਟਰ ਜੀ ਕੋਲ਼ ਕੀਤੀ। ਮਾਸਟਰ ਜੀ ਨੇ ਭਿੰਦੇ ਨੂੰ ਪੁੱਛਿਆ ਕਿ ਤੂੰ ਇਸ ਬੂਟੇ ਨੂੰ ਕਿਉਂ ਤੋੜਿਆ ਹੈ? ਭਿੰਦਾ ਆਖਣ ਲੱਗਾ ਕਿ ਸ਼ਿੰਦੇ ਨੇ ਕੱਲ੍ਹ ਮੈਨੂੰ ਕੁੱਟਿਆ ਸੀ। ਇਸ ਲਈ ਮੈ ਇਸ ਦਾ ਬੂਟਾ ਤੋੜ ਕੇ ਇਸਦਾ ਨੁਕਸਾਨ ਕੀਤਾ ਹੈ।

ਫਿਰ ਮਾਸਟਰ ਜੀ ਨੇ ਭਿੰਦੇ ਨੂੰ ਸਮਝਾਇਆ ਕਿ ਬੂਟੇ ਨੂੰ ਤੋੜ ਕੇ ਤੂੰ ਇਕੱਲੇ ਸ਼ਿੰਦੇ ਦਾ ਹੀ ਨਹੀਂ, ਆਪਣਾ ਵੀ ਨੁਕਸਾਨ ਕੀਤਾ ਹੈ, ਕਿਉਂਕਿ ਇਹ ਬੂਟਾ ਇਕੱਲੇ ਸ਼ਿੰਦੇ ਦਾ ਹੀ ਨਹੀਂ, ਸਗੋਂ ਸਭ ਦਾ ਸਾਂਝਾ ਬੂਟਾ ਸੀ। ਇਹ ਬੂਟਾ ਆਕਸਜੀਨ, ਹਰਿਆਲ਼ੀ ਅਤੇ ਛਾਂ ਸਭ ਨੂੰ ਦਿੰਦਾ ਸੀ ਤੇ ਇਸ ਨੇ ਵੱਡਾ ਹੋ ਕੇ ਫ਼ਲ ਵੀ ਸਭ ਨੂੰ ਹੀ ਦੇਣੇ ਸਨ। ਮਾਸਟਰ ਜੀ ਦੀ ਗੱਲ ਸੁਣ ਕੇ ਭਿੰਦੇ ਨੂੰ ਆਪਣੀ ਕੀਤੀ ਹੋਈ ਗ਼ਲਤੀ ਤੇ ਪਛਤਾਵਾ ਹੋਇਆ। ਉਸ ਨੇ ਕੀਤੀ ਗ਼ਲਤੀ ਲਈ ਮਾਫ਼ੀ ਮੰਗੀ ਤੇ ਅੱਗੋਂ ਅਜਿਹੀ ਗ਼ਲਤੀ ਨਾ ਕਰਨ ਦਾ ਵਾਅਦਾ ਕੀਤਾ। ਮਾਸਟਰ ਜੀ ਦੇ ਕਹਿਣ ਤੇ ਉਸ ਨੇ ਆਪਣਾ ਬੂਟਾ ਸ਼ਿੰਦੇ ਨੂੰ ਦੇ ਦਿੱਤਾ ਤੇ ਸ਼ਿੰਦੇ ਦੇ ਟੁੱਟੇ ਬੂਟੇ ਦੀ ਥਾਂ ਤੇ ਆਪ ਨਵਾਂ ਬੂਟਾ ਲਾ ਲਿਆ ਤੇ ਫਿਰ ਸਭ ਮਿਲ਼-ਜੁਲ ਕੇ ਸਭ ਬੂਟਿਆਂ ਦੀ ਦੇਖ-ਭਾਲ਼ ਕਰਨ ਲੱਗੇ।



ਜਤਿੰਦਰ ਮੋਹਨ

# ਸਿਆਣਾ ਲੱਕੜਹਾਰਾ

ਇੱਕ ਪਿੰਡ ਵਿੱਚ ਬਾਰੂ ਨਾਂ ਦਾ ਇੱਕ ਲੱਕੜਹਾਰਾ ਰਹਿੰਦਾ ਸੀ। ਪਿੰਡ ਦੇ ਨੇੜੇ ਹੀ ਇੱਕ ਨਦੀ ਸੀ। ਨਦੀ ਦੇ ਦੋਵੇਂ ਪਾਸਿਆਂ 'ਤੇ ਵੱਖ-ਵੱਖ ਕਿਸਮਾਂ ਦੇ ਰੁੱਖਾਂ ਦੀ ਭਰਮਾਰ ਸੀ। ਬਾਰੂ ਇਹਨਾਂ ਰੁੱਖਾਂ ਤੋਂ ਲੱਕੜਾਂ ਕੱਟ ਕੇ ਲਿਆਉਂਦਾ ਤੇ ਵੇਚ ਕੇ ਆਪਣੇ ਘਰ ਦਾ ਗੁਜ਼ਾਰਾ ਕਰਦਾ। ਇੱਕ ਦਿਨ ਉਹ ਨਦੀ ਦੇ ਕਿਨਾਰੇ ਲੱਕੜਾਂ ਕੱਟ ਰਿਹਾ ਸੀ ਤਾਂ ਉਸਦੀ ਕੁਹਾੜੀ ਹੱਥ ਵਿੱਚੋਂ ਛੁੱਟ ਕੇ ਨਦੀ ਵਿੱਚ ਡਿੱਗ ਪਈ। ਪਾਣੀ ਡੂੰਘਾ ਸੀ। ਲੱਕੜਹਾਰੇ ਲਈ ਕੁਹਾੜੀ ਨੂੰ ਕੱਢ ਕੇ ਲਿਆਉਣਾ ਮੁਸ਼ਕਿਲ ਸੀ। ਉਸਨੂੰ ਸ਼ਾਮ ਦੀ ਰੋਟੀ ਦੀ ਚਿੰਤਾ ਹੋ ਗਈ, ਕਿਉਂਕਿ ਉਸ ਕੋਲ਼ ਘਰ ਦੇ ਗੁਜ਼ਾਰੇ ਲਈ ਹੋਰ ਧਨ ਨਹੀਂ ਸੀ। ਉਸ ਕੋਲ਼ ਨਵੀਂ ਕੁਹਾੜੀ ਲਿਆਉਣ ਲਈ ਰੁਪਏ ਵੀ ਨਹੀਂ ਸਨ।

ਉਹ ਨਦੀ ਦੇ ਕੰਢੇ ਬੈਠ ਕੇ ਰੋਣ ਲੱਗਾ। ਉਸਦੇ ਰੋਣ ਦੀ ਆਵਾਜ਼ ਸੁਣ ਕੇ ਜਲ ਦੇਵਤਾ ਨਦੀ ਵਿੱਚੋਂ ਬਾਹਰ ਆਇਆ ਤੇ ਉਸਨੂੰ ਪੁੱਛਿਆ, ''ਬੇਟਾ, ਤੂੰ ਰੋਂਦਾ ਕਿਉਂ ਐਂ?''

''ਜੀ, ਮੇਰੀ ਕੁਹਾੜੀ ਪਾਣੀ ਵਿੱਚ ਡਿੱਗ ਪਈ ਹੈ।''

''ਫੇਰ ਕੀ ਹੋਇਆ? ਤੂੰ ਇਹ ਕੰਮ ਛੱਡ ਕੇ ਕੋਈ ਹੋਰ ਕੰਮ ਕਰ ਲੈ।''

''ਮੇਰੇ ਲਈ ਇਹ ਕੰਮ ਹੀ ਵਧੀਆ ਐ।''

''ਤੇਰੇ ਲਈ ਇਹ ਕੰਮ ਵਧੀਆ ਹੈ, ਪਰ ਇਹ ਕੰਮ ਬਹੁਤ ਘਟੀਆ ਹੈ। ਤੂੰ ਪਾਪ ਕਰ ਰਿਹਾ ਹੈਂ। ਰੁੱਖਾਂ ਨੂੰ ਕੱਟਣਾ ਪਾਪ ਹੈ। ਇਹ ਰੁੱਖ ਮਨੁੱਖ ਅਤੇ ਜੀਵ ਜੰਤੂਆਂ ਦੇ ਹਰੇ ਫ਼ੇਫ਼ੜੇ ਹਨ, ਜੋ ਤੂੰ ਕਿੰਨੇ ਹੀ ਵੱਡ ਦਿੱਤੇ।''

''ਜੀ ਮੈਨੂੰ ਮਾਫ਼ ਕਰ ਦਿਓ। ਮੇਰੇ ਕੋਲ਼ ਹੋਰ ਕੋਈ ਕੰਮ ਨਹੀਂ। ਇਸ ਲਈ ਮੈਂ ਇਹ ਕੰਮ ਕਰਦਾ ਹਾਂ। ਅੱਜ ਤਾਂ ਮੇਰਾ ਪਰਿਵਾਰ ਭੁੱਖਾ ਸੌਂਵੇਗਾ।''

ਜਲ ਦੇਵਤਾ ਨੂੰ ਬਾਰੂ ਦੀ ਹਾਲਤ 'ਤੇ ਤਰਸ ਆ ਗਿਆ। ਬਾਰੂ ਨੂੰ ਭਾਵੇਂ ਰੁੱਖਾਂ ਨੂੰ ਵੱਢਣ ਦੇ ਨੁਕਸਾਨ ਬਾਰੇ ਮਾੜਾ ਮੋਟਾ ਪਤਾ ਸੀ, ਪਰ ਅੱਜ ਜਲ ਦੇਵਤੇ ਦੀ ਗੱਲ ਸੁਣ ਕੇ ਉਸਦੇ ਕੰਨ ਖੁੱਲ੍ਹ ਗਏ। ਜਲ ਦੇਵਤੇ ਨੇ ਬਾਰੂ ਨੂੰ ਪੁੱਛਿਆ, ''ਤੂੰ ਕੁਹਾੜੀ ਚਾਹੁੰਨਾ ਏ ਕਿ ਕੋਈ ਹੋਰ ਕੰਮ ਕਰਨਾ?''

''ਜੀ, ਮੈਨੂੰ ਕੁਹਾੜੀ ਦੀ ਜ਼ਰੂਰਤ ਨਹੀਂ, ਮੈਂ ਕੋਈ ਹੋਰ ਕੰਮ ਕਰਾਂਗਾ।''

''ਫਿਰ ਮੰਗ ਕੀ ਮੰਗਦਾ ਏਂ?''

ਜਲ ਦੇਵਤਾ, ਬਾਰੂ ਵਿੱਚ ਆਏ ਸੁਧਾਰ ਤੋਂ ਪ੍ਰਸੰਨ ਹੋ ਗਿਆ।

''ਜਲ ਦੇਵਤਾ, ਮੈਨੂੰ ਅਜਿਹਾ ਵਰ ਦਿਓ ਤਾਂ ਕਿ ਮੈਂ ਮਿਹਨਤ ਕਰਕੇ ਆਪਣੇ ਘਰ ਦਾ ਗੁਜ਼ਾਰਾ ਵਧੀਆ ਚਲਾ ਸਕਾਂ।'' ਜਲ ਦੇਵਤੇ ਨੇ ਪਾਣੀ ਵਿੱਚ ਡੁੱਬਕੀ ਲਗਾਈ ਤੇ ਪਾਣੀ ਵਿੱਚੋਂ ਇੱਕ ਥੈਲ਼ੀ ਕੱਢ ਕੇ ਬਾਰੂ ਨੂੰ ਦਿੰਦੇ ਹੋਏ ਕਿਹਾ, ''ਲੈ ਤੂੰ ਇਹ ਥੈਲ਼ੀ ਲੈ ਜਾ ਤੇ ਆਪਣਾ ਕੰਮ ਚਲਾ ਲੈ। ਜਿੰਨੇ ਧਨ ਦੀ ਜ਼ਰੂਰਤ ਹੋਵੇ, ਉਨ੍ਹਾਂ ਵਰਤ ਲਵੀਂ। ਜਦੋਂ ਤੂੰ ਤੇ ਤੇਰਾ ਪਰਿਵਾਰ ਕਾਮਯਾਬ ਹੋ ਗਏ ਤਾਂ ਮੈਨੂੰ ਇਹ ਧਨ ਵਾਪਸ ਕਰ ਦੇਵੀਂ।

ਬਾਰੂ ਨੇ ਜਲ ਦੇਵਤੇ ਤੋਂ ਥੈਲ਼ੀ ਫੜ ਲਈ ਤੇ ਜਲ ਦੇਵਤੇ ਦਾ ਧੰਨਵਾਦ ਕਰਕੇ ਵਾਪਸ ਆ ਗਿਆ।

ਉੱਧਰ ਬਾਰੂ ਦੀ ਘਰਵਾਲ਼ੀ ਉਸਨੂੰ ਖ਼ਾਲੀ ਹੱਥ ਦੇਖ ਕੇ ਰੋਣਹਾਕੀ ਹੋ ਕੇ ਪੁੱਛਣ ਲੱਗੀ, ''ਅੱਜ ਕੀ ਗੱਲ ਹੋ ਗਈ?''

''ਕੁਝ ਵੀ ਨਹੀਂ।''

''ਨਾ ਲੱਕੜਾਂ ਨਾ ਹੀ ਕੁਹਾੜੀ?''

ਬਾਰੂ ਨੇ ਆਪਣੀ ਘਰਵਾਲ਼ੀ ਨੂੰ ਸ਼ੁਰੂ ਤੋਂ ਲੈ ਕੇ ਅੰਤ ਤੱਕ ਸਾਰੀ ਕਹਾਣੀ ਸੁਣਾਈ ਤਾਂ ਉਹ ਜਲ ਦੇਵਤੇ ਦੀ ਮਿਹਰਬਾਨੀ ਤੋਂ ਖ਼ੁਸ਼ ਹੋ ਗਈ।

ਬਾਰੂ ਨੇ ਥੈਲ਼ੀ ਵਿੱਚੋਂ ਕੁਝ ਧਨ ਕੱਢਿਆ ਤੇ ਬਾਕੀ ਧਨ ਆਪਣੀ ਘਰਵਾਲ਼ੀ ਨੂੰ ਸੰਭਾਲ਼ਣ ਲਈ ਕਿਹਾ ਤੇ ਆਪ ਖਾਣੇ ਦਾ ਪਬੰਧ ਕਰਨ ਲਈ ਦੁਕਾਨ 'ਤੇ ਚਲਾ ਗਿਆ। ਉਹ ਕਈ ਦਿਨਾਂ ਦਾ ਰਾਸ਼ਨ ਇਕੱਠਾ ਹੀ ਲੈ ਆਇਆ। ਬਾਰੂ ਅਤੇ ਉਸਦਾ ਪਰਿਵਾਰ ਬਹੁਤ ਖ਼ੁਸ਼ ਸੀ। ਅਗਲੇ ਦਿਨ ਬਾਰੂ ਨੇ ਆਪਣੀ ਪਤਨੀ ਨਾਲ਼ ਸਲਾਹ ਕੀਤੀ ਤਾਂ ਕਿ ਦੁਕਾਨ ਕਰਕੇ ਘਰ ਦਾ ਗੁਜ਼ਾਰਾ ਚਲਾਇਆ ਜਾਵੇ।

ਦੋਵਾਂ ਨੇ ਥੈਲ਼ੀ ਵਿੱਚੋਂ ਕੁਝ ਧਨ ਕੱਢਿਆ ਤੇ ਇੱਟਾਂ ਦੇ ਭੱਠੇ ਤੋਂ ਇੱਟਾਂ ਲੈ ਆਏ। ਫਿਰ ਸ਼ਹਿਰੋਂ ਸੀਮਿੰਟ, ਬਜ਼ਰੀ, ਬਰੇਤੀ ਤੇ ਸਰੀਆ ਲੈ ਆਏ। ਮਿਸਤਰੀ ਪੁੱਛ ਕੇ ਉਨ੍ਹਾਂ ਨੇ ਦੁਕਾਨ ਬਣਾਉਣੀ ਸ਼ੁਰੂ ਕਰ ਦਿੱਤੀ। ਕੁਝ ਹੀ ਦਿਨਾਂ ਵਿੱਚ ਦੁਕਾਨ ਬਣ ਗਈ। ਸਾਰਾ ਬਹੁਤ ਖ਼ੁਸ਼ ਹੋਇਆ।

ਦੁਕਾਨ ਤਿਆਰ ਹੋਣ ਤੋਂ ਬਾਅਦ ਬਾਰੂ ਨੇ ਥੈਲ਼ੀ ਵਿੱਚੋਂ ਕੁਝ ਧਨ ਕੱਢਿਆ ਤੇ ਦੁਕਾਨ ਵਿੱਚ ਮਾਲ ਭਰ ਲਿਆ।

ਉਸਨੇ ਆਪਣਾ ਕੰਮ ਚਲਾ ਲਿਆ। ਉਹ ਦੂਜੇ ਦੁਕਾਨਦਾਰਾਂ ਦੇ ਨਾਲ਼ੋਂ ਘੱਟ ਮੁਨਾਫ਼ੇ 'ਤੇ ਸਮਾਨ ਵੇਚਣ ਲੱਗਾ। ਚੰਗਾ ਤੇ ਸਸਤਾ ਸਮਾਨ ਹੋਣ ਕਾਰਨ ਉਸਦੇ ਗ੍ਰਾਹਕਾਂ ਦੀ ਗਿਣਤੀ ਵਧ ਗਈ। ਉਹ ਬਹੁਤ ਕਮਾਈ ਕਰਨ ਲੱਗਾ।

ਹੁਣ ਬਾਰੂ ਲੱਕੜਹਾਰੇ ਤੋਂ ਸੇਠ ਬਾਰੂ ਮੱਲ ਬਣ ਗਿਆ। ਉਸਨੇ ਘਰ ਵੀ ਵਧੀਆ ਬਣਾ ਲਿਆ। ਦੁਕਾਨ ਦੀ ਆਮਦਨ ਵੀ ਬਹੁਤ ਵਧ ਗਈ। ਬਾਰੂ ਤੇ ਉਸਦਾ ਪਰਿਵਾਰ ਹਰ ਰੋਜ਼ ਦੁਕਾਨ ਦਾ ਹਿਸਾਬ ਕਰਦੇ। ਆਪਣੇ ਗੁਜ਼ਾਰੇ ਜੋਗਾ ਰੱਖ ਕੇ ਉਹ ਕੁਝ ਧਨ ਇੱਕ ਪਾਸੇ ਰੱਖ ਦਿੰਦੇ।

ਬਾਰੂ ਦੀ ਇਹ ਖ਼ਾਸੀਅਤ ਸੀ ਕਿ ਉਸਨੇ ਥੈਲ਼ੀ ਵਿਚਲੇ ਧਨ ਨੂੰ ਨਾ ਤਾਂ ਗਿਣਿਆ ਸੀ ਤੇ ਨਾ ਹੀ ਉਸਨੂੰ ਖ਼ਾਲੀ ਕਰਕੇ ਦੇਖਿਆ ਸੀ। ਬਾਰੂ ਦੇ ਬੱਚੇ ਪੜ੍ਹਾਈ ਵਿੱਚ ਹੁਸ਼ਿਆਰ ਸਨ। ਉਹ ਉਨ੍ਹਾਂ ਤੋਂ ਵੱਟਕ ਦਾ ਹਿਸਾਬ ਲਵਾਉਂਦਾ। ਬਾਰੂ ਨੇ ਕੁਝ ਧਨ ਪਰਿਵਾਰ ਵਾਸਤੇ ਜੋੜ ਕੇ ਰੱਖ ਲਿਆ।

ਹੁਣ ਬਾਰੂ ਆਪਣੇ ਬੱਚਿਆਂ ਤੋਂ ਹਰ ਰੋਜ਼ ਦੁਕਾਨ ਤੋਂ ਹੋਣ ਵਾਲੀ ਆਮਦਨ ਦਾ ਹਿਸਾਬ ਲਵਾਉਂਦਾ ਤੇ ਪੁੱਛਦਾ, ਕਿੰਨੀ ਵੱਟਤ ਹੋਈ ਬੇਟਾ?''

''ਪੈਂਤੀ ਸੌ ਪਿਤਾ ਜੀ।'' ਸੁੰਦਰ ਨੇ ਕਿਹਾ।

''ਸਮਾਨ ਕਿੰਨੇ ਦਾ ਸੀ?''

''ਚੌਵੀ ਸੌ ਦਾ।''

"ਲੈ ਆਹ ਸੌ ਰੁਪਏ ਥੈਲ਼ੀ ਵਿੱਚ ਪਾ ਦੇ।"

ਮੁੰਡੇ ਨੇ ਥੈਲ਼ੀ ਵਿੱਚ ਪਾ ਦਿੱਤਾ।

ਕਈ ਸਾਲ ਬੀਤ ਗਏ।

ਬਾਰੂ ਹੁਣ ਲੱਕੜਹਾਰਾ ਨਹੀਂ, ਬਲਕਿ ਇੱਕ ਵੱਡਾ ਸ਼ਾਹੂਕਾਰ ਬਣ ਗਿਆ। ਉਸਨੇ ਆਪਣੇ ਕਾਰੋਬਾਰ ਨੂੰ ਵਧਾ ਲਿਆ। ਉਸਨੇ ਆਪਣੇ ਹੋਰ ਕਾਰੋਬਾਰ ਵੀ ਸ਼ੁਰੂ ਕਰ ਲਏ। ਉਸਦੀ ਆਮਦਨ ਬਹੁਤ ਵਧ ਗਈ। ਜਿਸ ਕਾਰਨ ਸਾਰਾ ਪਰਿਵਾਰ ਬਹੁਤ ਖ਼ੁਸ਼ ਸੀ।

ਇੱਕ ਦਿਨ ਬਾਰੂ ਤੇ ਉਸਦਾ ਪਰਿਵਾਰ ਇਕੱਠੇ ਬੈਠੇ ਸਨ ਤਾਂ ਬਾਰੂ ਨੇ ਸਾਰਿਆਂ ਨੂੰ ਸੰਬੋਧਨ ਕਰਦਿਆਂ ਪੁੱਛਿਆ, "ਕਿਉਂ ਬਈ, ਆਪਾਂ ਨੂੰ ਤਾਂ ਜਲ ਦੇਵਤੇ ਨੇ ਤਾਰ ਦਿੱਤਾ।"

"ਹਾਂ ਜੀ!" ਉਸਦੀ ਘਰਵਾਲ਼ੀ ਤੇ ਬੱਚੇ ਬੋਲੇ।

"ਹੁਣ ਆਪਾਂ ਨੂੰ ਕੀ ਕਰਨਾ ਚਾਹੀਦਾ ਹੈ?"

"ਆਪਾਂ ਨੂੰ ਜਲ ਦੇਵਤੇ ਦਾ ਧੰਨਵਾਦ ਕਰਨਾ ਚਾਹੀਦਾ ਹੈ। ਜਿਸ ਕਰਕੇ ਆਪਾਂ ਅੱਜ ਸ਼ਾਹੂਕਾਰ ਹਾਂ।" ਦੋਵਾਂ ਬੱਚਿਆਂ ਤੇ ਬਾਰੂ ਦੀ ਘਰਵਾਲ਼ੀ ਨੇ ਕਿਹਾ।

"ਠੀਕ ਐ।"

"ਆਪਾਂ ਸਾਰੇ ਨਦੀ ਤੇ ਚੱਲੀਏ ਤੇ ਜਲ ਦੇਵਤੇ ਦਾ ਧੰਨਵਦ ਕਰਕੇ ਆਈਏ।"

ਬਾਰੂ ਉਨ੍ਹਾਂ ਦੀ ਗੱਲ ਸੁਣ ਕੇ ਖ਼ੁਸ਼ ਹੋ ਗਿਆ। ਉਸਨੂੰ ਲੱਗਿਆ ਕਿ ਉਸਦਾ ਪਰਿਵਾਰ ਉਸ ਵਰਗਾ ਹੀ ਹੈ, ਜੋ ਜਲ ਦੇਵਤੇ ਦੇ ਕੀਤੇ ਉਪਕਾਰ ਨੂੰ ਨਹੀਂ ਭੁੱਲਿਆ।

ਬਾਰੂ ਨੇ ਧਨ ਵਾਲ਼ੀ ਥੈਲ਼ੀ ਚੁੱਕੀ ਤੇ ਪਰਿਵਾਰ ਸਮੇਤ ਨਦੀ ਵੱਲ ਨੂੰ ਤੁਰ ਪਿਆ ਤੇ ਨਦੀ ਤੇ ਪਹੁੰਚ ਕੇ ਸਾਰਾ ਪਰਿਵਾਰ ਕਿਨਾਰੇ ਤੇ ਬੈਠ ਗਿਆ। ਉਸਨੇ ਸੱਚੇ ਮਨ ਨਾਲ਼ ਜਲ ਦੇਵਤੇ ਨੂੰ ਪੁਕਾਰਿਆ। ਜਲ ਦੇਵਤਾ ਪ੍ਰਗਟ ਹੋ ਗਿਆ। ਸਾਰਿਆਂ ਨੇ ਹੱਥ ਜੋੜ ਕੇ ਪ੍ਰਣਾਮ ਕੀਤਾ। ਜਲ ਦੇਵਤੇ ਨੇ ਬਾਰੂ ਨੂੰ ਪੁੱਛਿਆ, "ਹਾਂ ਬੇਟਾ ਬੋਲ?"

"ਜੀ ਮੈਂ ਤੁਹਾਡੀ ਕਿਰਪਾ ਨਾਲ਼ ਮਾਲੋਮਾਲ ਹਾਂ। ਤੁਹਾਡਾ ਕੀਤਾ ਹੋਇਆ ਉਪਕਾਰ ਮੈਂ ਇਸ ਜਨਮ ਤਾਂ ਕੀ ਕਈ ਜਨਮ ਨਹੀਂ ਭੁਲਾ ਸਕਦਾ। ਤੁਸੀਂ ਮੇਰੀ ਜ਼ਿੰਦਗੀ ਬਦਲ ਦਿੱਤੀ ਤੇ ਮੈਨੂੰ ਪਾਪ ਕਰਨ ਤੋਂ ਹਟਾ ਦਿੱਤਾ।"

"ਬੇਟਾ, ਤੇਰਾ ਭਲਾ ਹੋਵੇ।"

"ਜੀ ਮੈਂ ਇਹ ਧਨ ਵਾਲ਼ੀ ਥੈਲ਼ੀ ਤੁਹਾਨੂੰ ਵਾਪਸ ਕਰਨਾ ਚਾਹੁੰਦਾ ਹਾਂ।"

"ਕਿਉਂ?"

"ਤਾਂ ਕਿ ਕਿਸੇ ਹੋਰ ਦੀ ਜ਼ਿੰਦਗੀ ਸੁਧਾਰੀ ਜਾ ਸਕੇ।"

"ਬੇਟਾ, ਮੈਂ ਤੇਰੀ ਇਮਾਨਦਾਰੀ ਤੋਂ ਖ਼ੁਸ਼ ਹਾਂ। ਤੂੰ ਇਸਨੂੰ ਆਪਣੇ ਕੋਲ਼ ਰੱਖ ਤੇ ਲੋਕ ਭਲਾਈ ਲਈ ਵਰਤ ਲੈ।" ਇਹ ਕਹਿਕੇ ਜਲ ਦੇਵਤਾ ਮੁੜ ਨਦੀ ਵਿੱਚ ਚਲਾ ਗਿਆ। ਬਾਰੂ ਤੇ ਉਸਦਾ ਪਰਿਵਾਰ ਘਰ ਵਾਪਸ ਆ ਗਏ।

ਹਰਦੇਵ ਚੌਹਾਨ

## ਸਤੰਬਰ 2023 ਦੀ ਸ਼ਬਦ ਪਹੇਲੀ ਦਾ ਸਹੀ ਜਵਾਬ ਪ੍ਰਾਇਮਰੀ ਸਿੱਖਿਆ ਪੰਨਾ 31

| | | | | | | | |
|---|---|---|---|---|---|---|---|
| 1 ਅ | ਸ | 2 ਲਾ | | 3 ਇ | ਮ | ਦਾ | 4 ਦ |
| ਲ | | | | ਮ | | | ਰ |
| 5 ਸੀ | ਸ | | 1 ਸੱ | ਤਿ | ਆ | 7 ਨਾ | ਸ |
| | | 8 ਨ | | ਹਾ | | ਅ | |
| 9 ਉ | ਤ | ਮ | | ਨ | | ਅ | |
| ਮੰ | | 10 ਕੀ | ਮਾ | | 11 ਆ | ਲ | 12 ਸੀ |
| 1 ਗ | 14 ਗ | ਨ | | | ਸ | | ਖ |
| | ਦਾ | | 15 ਸੁ | ਕ | ਰਾ | ਤ | |

ਲੋਕ ਨਾਥ ਸ਼ਰਮਾ



# ਹਰਕਤ ਵਿੱਚ ਆਓ

ਉੱਠੋ ਬੱਚਿਓ, ਹਰਕਤ ਵਿੱਚ ਆਓ,
ਵਰਜ਼ਿਸ ਨੂੰ ਨਿੱਤ-ਨੇਮ ਬਣਾਓ।

ਸਿਹਤ ਜ਼ਰੂਰੀ, ਸੈਰ ਨੂੰ ਜਾਓ,
ਸੈਰ ਤੋਂ ਆ ਕੇ, ਪਿੰਡੇ ਨਹਾਓ।

ਫਿਰ ਗੁਰਾਂ ਦਾ ਨਾਮ ਧਿਆਓ,
ਇਸ ਦੇ ਮਗਰੋਂ, ਨਾਸ਼ਤਾ ਖਾਓ।

ਫਿਰ ਬਸਤੇ ਵਿੱਚ ਚੀਜ਼ਾਂ ਪਾਓ,
ਤੇ ਸਕੂਲ ਲਈ ਤਿਆਰ ਹੋ ਜਾਓ।

ਵੱਡਿਆ ਦੇ ਪੈਰੀਂ ਹੱਥ ਲਾਓ,
ਸਮੇਂ 'ਤੇ ਪਹੁੰਚੋ, ਨਾ ਲੇਟ ਕਹਾਓ।

ਅਧਿਆਪਕਾਂ ਅੱਗੇ ਸੀਸ ਝੁਕਾਓ,
ਵਿੱਦਿਆ ਧਨ, ਝੋਲ਼ੀ ਵਿੱਚ ਪਾਓ।

ਮਿਹਨਤ ਕਰੋ, ਸੰਜਮ ਅਪਣਾਓ,
ਫ਼ਲ ਫੇਰ, ਮਨ ਚਾਹਿਆ ਪਾਓ।

'ਲੋਕ ਨਾਥ' ਦਾ ਹੈ, ਇਹੋ ਸੁਝਾਓ,
ਹੱਥੀਂ ਕੰਮ ਤੋਂ ਨਾ ਸ਼ਰਮਾਓ।

ਮੁਕੇਸ਼ ਕੁਮਾਰ
ਸੰਤ ਬਾਬਾ ਸੇਵਾ ਸਿੰਘ ਖ਼ਾਲਸਾ ਪਬਲਿਕ ਸਕੂਲ



# ਸਕੂਲ

ਸਮੇਂ ਸਿਰ ਉੱਠ ਕੇ ਸਕੂਲ ਜਾਵਾਂ ਮੈਂ,
ਕਰਕੇ ਪੜ੍ਹਾਈ ਸਿੱਧਾ ਘਰ ਆਵਾਂ ਮੈਂ।

ਰਸਤੇ ਦੇ ਵਿੱਚ ਕਿਤੇ ਨਾ ਮੈਂ ਰੁਕਦਾ,
ਰਸਤੇ 'ਚ ਡਿੱਗੀ ਚੀਜ਼ ਨਾ ਮੈਂ ਚੁੱਕਦਾ।
ਖਾਣਾ ਜੋ ਖਲਾਵੇ ਮੰਮੀ ਉਹੀ ਖਾਵਾਂ ਮੈਂ,
ਸਮੇਂ ਸਿਰ ਉੱਠ ਕੇ ਸਕੂਲ ਜਾਵਾਂ ਮੈਂ।

ਪੂਜਾ ਪਾਠ ਵਿੱਚ ਵੀ ਧਿਆਨ ਰੱਖਦਾ,
ਮਾੜੀ ਚੀਜ਼ ਕਦੇ ਵੀ ਨਾ ਮੈਂ ਚੱਖਦਾ।
ਠੰਢ ਚਾਹੇ ਗ਼ਰਮੀ ਜ਼ਰੂਰ ਨਹਾਵਾਂ ਮੈਂ,
ਸਮੇਂ ਸਿਰ ਉੱਠ ਕੇ ਸਕੂਲ ਜਾਵਾਂ ਮੈਂ।

ਟੀਚਰਾਂ ਦੀ ਆਗਿਆ ਨੂੰ ਮੈਂ ਹਾਂ ਮੰਨਦਾ,
ਲਾਲਚ ਕਦੇ ਨਾ ਕਰਾਂ ਮੈਂ ਧੰਨ ਦਾ।
ਸ਼ੁੱਭ ਕੰਮਾਂ ਵੱਲ ਹੀ ਧਿਆਨ ਲਾਵਾਂ ਮੈਂ,
ਸਮੇਂ ਸਿਰ ਉੱਠ ਕੇ ਸਕੂਲ ਜਾਵਾਂ ਮੈਂ।

ਇੱਕ ਘੰਟਾ ਰੋਜ਼ ਫੁੱਟਬਾਲ ਖੇਡਦਾ,
ਇਹ ਹੀ ਰਾਹ ਹੈ ਮੇਰੀ ਚੰਗੀ ਸਿਹਤ ਦਾ।
ਮੁਕੇਸ਼ ਸਰ ਨਾਲ਼ ਹੀ ਗਰਾਊਂਡ ਜਾਵਾਂ ਮੈਂ,
ਸਮੇਂ ਸਿਰ ਉੱਠ ਕੇ ਸਕੂਲ ਜਾਵਾਂ ਮੈਂ।



ਜੋਗਿੰਦਰ ਕੌਰ ਅਗਨੀਹੋਤਰੀ

# ਚੰਦਨ

**ਕਾਂਡ**: 11

ਚੰਨੂੰ ਦਾ ਸੁਪਨਾ ਪੂਰਾ ਹੋ ਗਿਆ। ਉਹ ਆਪਣੇ ਮਾਤਾ-ਪਿਤਾ ਨਾਲ਼ ਘਰ ਵਿੱਚ ਰਹਿਣ ਲੱਗ ਪਿਆ। ਉਸਦੇ ਭੈਣ ਤੇ ਭਰਾ ਵੀ ਖ਼ੁਸ਼ ਸਨ। ਹੁਣ ਉਹ ਮੰਗਤੇ ਨਹੀਂ ਸਨ। ਹੁਣ ਉਨ੍ਹਾਂ ਦੇ ਘਰ ਚੁੱਲ੍ਹੇ 'ਤੇ ਰੋਟੀ ਪੱਕਦੀ ਸੀ। ਹੁਣ ਤਿੰਨੇ ਭੈਣ-ਭਰਾ ਘਰ ਹੀ ਰੋਟੀ ਖਾਣ ਲੱਗੇ। ਉਨ੍ਹਾਂ ਨੂੰ ਇੰਞ ਲੱਗ ਰਿਹਾ ਸੀ, ਜਿਵੇਂ ਉਹ ਨਰਕ ਵਿੱਚੋਂ ਸਵਰਗ ਵਿੱਚ ਆ ਗਏ ਹੋਣ। ਚੰਨੂੰ ਆਪਣੀ ਮਾਂ ਨੂੰ ਕਹਿਣ ਲੱਗਾ, "ਮਾਂ ਜੀ, ਘਰ ਸੱਚੀ-ਮੁੱਚੀ ਘਰ ਹੁੰਦਾ ਹੈ।"

"ਹਾਂ ਪੁੱਤ।"

"ਘਰ ਦੀ ਰੋਟੀ ਕਿੰਨੀ ਸਵਾਦ ਹੁੰਦੀ ਐ।"

"ਹਾਂ ਮੇਰਿਆ ਚੰਨਿਆ ਤੇਰੇ ਕਾਰਨ ਹੀ ਵਿਹੜੇ 'ਚ ਚਾਨਣ ਹੋਇਐ, ਨਹੀਂ ਤਾਂ ਆਪਾਂ ਮੰਗਤੇ ਹੀ ਸੀ।"

"ਮਾਂ ਜੀ, ਆਪਣਾ ਸ਼ੰਕੂ ਬੈਠੇ।"

"ਹਾਂ, ਬੈਠੇ ਪਰ ਚੁੱਪ-ਚਾਪ ਬੈਠੈ ਤੇਰੇ ਬਾਪੂ ਘਰੇ ਨ੍ਹੀਂ, ਉਹ ਤਾਂ ਕਵੇਲੇ ਆਊਗਾ।"

ਤਿੰਨੇ ਭੈਣ-ਭਰਾ ਮਾਂ ਨਾਲ਼ ਬੈਠੇ ਖ਼ੁਸ਼ ਸਨ। ਇੰਨੇ ਨੂੰ ਬਾਹਰੋਂ ਮਾਸਟਰ ਮੋਹਨ ਲਾਲ ਦੀ ਆਵਾਜ਼ ਆਈ, "ਲਾਲ ਘਰੇ ਈ ਐ?"

"ਆ ਜੋ, ਆ ਜੋ ਜੀ" ਚੰਨੂੰ ਬੋਲਿਆ।

ਮਾਸਟਰ ਮੋਹਨ ਲਾਲ ਅੰਦਰ ਚਲਿਆ ਗਿਆ। ਸ਼ੰਕੂ ਨੂੰ ਬੈਠਾ ਦੇਖ ਕੇ ਮਾਸਟਰ ਜੀ ਨੇ ਕਿਹਾ, "ਮਹਿੰਦਰੋ ਭਾਈ, ਹੁਣ ਥੋਡੇ ਇਹ ਜਾਨਵਰ ਨੂੰ ਆਪਣੇ ਘਰੇ ਜਾਣ ਦਿਓ।"

"ਕੋਈ ਨ੍ਹੀਂ ਮਾਸਟਰ ਜੀ, ਜਿਵੇਂ ਤੁਸੀਂ ਕਹੋਂਗੇ ਉਵੇਂ ਕਰ ਲਵਾਂਗੇ।"

"ਬੈਠ ਜੋ ਮਾਸਟਰ ਜੀ।" ਚੰਨੂੰ ਨੇ ਮੰਜਾ ਡਾਹੁੰਦਿਆਂ ਕਿਹਾ।

"ਮੈਂ ਫੇਰ ਆਊਂਗਾ।" ਕਹਿਕੇ ਮਾਸਟਰ ਮੋਹਨ ਲਾਲ ਵਾਪਸ ਆ ਗਿਆ।

ਕਈ ਦਿਨ ਨਿਕਲੇ ਜਦੋਂ ਤਿੰਨੇ ਭੈਣ-ਭਰਾ ਪੜ੍ਹ ਕੇ ਆਏ ਤਾਂ ਮਹਿੰਦਰੋ ਨੇ ਉਨ੍ਹਾਂ ਨੂੰ ਰੋਟੀ ਪਾ ਕੇ ਦਿੱਤੀ। ਰੋਟੀ ਖਾ ਕੇ ਤਾਸੋ ਕਹਿਣ ਲੱਗੀ, "ਮਾਂ ਜੀ, ਅੱਜ ਸਾਡੇ ਮਾਸਟਰ ਜੀ ਦੱਸਦੇ ਸੀ ਕਿ ਜੰਗਲੀ ਜੀਵਾਂ ਨੂੰ ਬੰਨ੍ਹ ਕੇ

ਨਹੀਂ ਰੱਖਣਾ ਚਾਹੀਦਾ।''

''ਆਪਾਂ ਕਿਸੇ ਜੀਵ ਨੂੰ ਬੰਨ੍ਹਿਐ ਪੁੱਤ।''

''ਮਾਂ ਇਹ ਸੱਪ ਵੀ ਜੀਵ ਨੇ।''

''ਇਨ੍ਹਾਂ ਨੂੰ ਤਾਂ ਤੇਰਾ ਬਾਪੂ ਕਹਿੰਦਾ ਸੀ ਜੰਗਲ 'ਚ ਛੱਡ ਕੇ ਆਵਾਂਗੇ।''

''ਕਦੋਂ ਜਾਣੈ ਮੇਰੇ ਬਾਪੂ ਨੇ।''

''ਜਾਣਾ ਤਾਂ ਪਤਾ ਨ੍ਹੀਂ ਕਦੋਂ ਐ।''

''ਹਾਂ, ਮਾਂ ਜੀ, ਆਪਣਾ ਸ਼ੰਕੂ ਵੀ ਤਾਂ ਜੰਗਲੀ ਜਾਨਵਰ ਐ ਇਹਨੂੰ ਵੀ ਆਪਣਿਆਂ ਕੋਲ ਰਹਿਣ ਦਾ ਹੱਕ ਐ।''

''ਅੱਜ ਆ ਲੈਣ ਥੋਡੇ ਬਾਪੂ ਜੀ ਸਾਰੇ ਕੰਮ ਕਰਾਂਗੇ।'' ਲਾਲ ਅੰਦਰ ਆ ਗਿਆ। ਉਸਨੇ ਇਹ ਸਾਰੀ ਗੱਲ ਸੁਣ ਲਈ ਸੀ।

ਉਹ ਕਹਿਣ ਲੱਗਾ, ''ਦੱਸੋ ਕਿਹੜੇ ਕੰਮ ਕਰਨੇ ਨੇ?''

ਸੱਪ, ਸਰਾਲ ਤੇ ਸ਼ੰਕੂ ਵੀ ਆਪਣੇ ਘਰ ਜਾਣ।''

''ਸ਼ੰਕੂ ਆਪਾਂ ਨੂੰ ਕੀ ਕਹਿੰਦੇ ਬਚਾਰਾ'' ਸੱਪ ਮੈਂ ਜ਼ਰੂਰ ਛੱਡ ਕੇ ਆਊਂਗਾ।

''ਸ਼ੰਕੂ ਨੂੰ ਵੀ ਤਾਂ ਆਪਣੇ ਘਰ ਜਾਣਾ ਚਾਹੀਦੈ। ਬਾਪੂ ਜੀ ਨਾਲ਼ੇ ਇਨ੍ਹਾਂ ਨੂੰ ਰੱਖਣ ਤੇ ਸਰਕਾਰ ਜ਼ੁਰਮਾਨਾ ਵੀ ਕਰਦੀ ਐ।''

''ਅੱਛਾ ਸਰਕਾਰ ਜ਼ੁਰਮਾਨਾ ਵੀ ਲਾ ਸਕਦੀ ਹੈ?''

''ਹਾਂ, ਬਾਪੂ ਜੀ।''

''ਚਲੋ ਆਪਾਂ ਇਨ੍ਹਾਂ ਨੂੰ ਛੱਡ ਆਵਾਂਗੇ...ਚੱਕੀ ਦਾ ਕੰਮ ਇੱਕ ਦਿਨ ਵਾਸਤੇ ਛੱਡਣਾ ਪਊ।''

''ਚੱਕੀ ਦਾ ਕੰਮ ਬਾਪੂ ਜੀ ਮੈਂ ਸੰਭਾਲ਼ ਲੂੰਗਾ।''

''ਠੀਕ ਐ ਪੁੱਤ।''

ਆਂਢ-ਗੁਆਂਢ ਵਿੱਚੋਂ ਮਹਿੰਦਰੋ ਦੀ ਜਾਣ-ਪਛਾਣ ਹੋ ਗਈ। ਉਹ ਵੀ ਲੋਕਾਂ ਦੇ ਕੰਮ ਆਉਣ ਲੱਗੀ। ਇਸ ਨਾਲ਼ ਉਸਨੂੰ ਕੰਮ ਮਿਲਣ ਲੱਗਾ। ਕਿਸੇ ਦਾ ਪੀਹਣਾ ਕਰਨਾ, ਕਿਸੇ ਦੇ ਨਾਲ਼ ਕੋਈ ਹੋਰ ਕੰਮ ਕਰਵਾਉਣਾ। ਇਸ ਨਾਲ਼ ਉਸਨੂੰ ਮਿਹਨਤ ਮਿਲ ਜਾਂਦੀ। ਇਸ ਕਰਕੇ ਪਰਿਵਾਰ ਖ਼ੁਸ਼ ਰਹਿਣ ਲੱਗ ਪਿਆ। ਛੁੱਟੀ ਦਾ ਮੌਕਾ ਦੇਖ ਕੇ ਲਾਲ ਨੇ ਚੰਨੂੰ ਨੂੰ ਚੱਕੀ ਦਾ ਕੰਮ ਸੰਭਾਲ਼ ਦਿੱਤਾ। ਆਪ ਉਹ ਨਾਗ ਅਤੇ ਸਰਾਲ, ਪਟਾਰੀ ਸਮੇਤ ਹੀ ਜੰਗਲ ਵਿੱਚ ਛੱਡ ਆਇਆ। ਸੋਟੀ ਤੇ ਟੰਗੀਆਂ ਝੋਲ਼ੀਆਂ ਵੀ ਉਹ ਉੱਥੇ ਹੀ ਸੁੱਟ ਆਇਆ, ਜਿੱਥੇ ਸ਼ੰਕੂ ਨੂੰ ਫੜਕੇ ਲਿਆਇਆ ਸੀ। ਸ਼ੰਕੂ ਨੂੰ ਵੀ ਲਾਲ ਨੇ ਉੱਥੇ ਹੀ ਛੱਡ ਦਿੱਤਾ। ਸਾਰਾ ਟੱਬਰ ਵੀ ਖ਼ੁਸ਼ ਹੋ ਗਿਆ ਤੇ ਲਾਲ ਵੀ ਖ਼ੁਸ਼ ਸੀ। ਉਸਨੂੰ ਅਹਿਸਾਸ ਹੋ ਗਿਆ ਸੀ ਕਿ ਕਿਸੇ ਪੰਛੀ, ਜੰਤੂ ਜਾਂ ਜਾਨਵਰ ਨੂੰ ਗ਼ੁਲਾਮ ਬਣਾ ਕੇ ਰੱਖਣਾ, ਜਿੱਥੇ ਸਰਕਾਰ ਦੇ ਕਾਨੂੰਨ ਦੀ ਉਲੰਘਣਾ ਹੈ। ਉੱਥੇ ਕੁਦਰਤ ਦੇ ਕਾਨੂੰਨ ਦੀ ਵੀ ਉਲੰਘਣਾ ਹੈ। ਇਹ ਦੋਵੇਂ ਕੰਮ ਨਿਬੇੜ ਕੇ ਲਾਲ ਨੇ ਮਾਸਟਰ ਜੀ ਨੂੰ ਦੱਸਿਆ ਤਾਂ ਉਹ ਬਹੁਤ ਖ਼ੁਸ਼ ਹੋਏ।

ਵਕਤ ਗੁਜ਼ਰਦਾ ਜਾ ਰਿਹਾ ਸੀ। ਲਾਲ ਅਤੇ ਮਹਿੰਦਰੋ ਹੱਕ ਦੀ ਕਮਾਈ ਕਰਕੇ ਬਹੁਤ ਖ਼ੁਸ਼ ਸਨ। ਹੁਣ ਉਨ੍ਹਾਂ ਨੂੰ ਪਤਾ ਲੱਗ ਗਿਆ ਸੀ ਕਿ ਮੰਗ ਕੇ ਖਾਣ ਨਾਲ਼ੋ ਹੱਕ ਦੀ ਕਮਾਈ ਨਾਲ਼ ਜਿਹੜਾ ਅਨੰਦ ਮਿਲਦਾ ਹੈ, ਉਹ ਹੋਰ ਕਿਤੋਂ ਵੀ ਨਹੀਂ ਮਿਲਦਾ। ਉਹ ਸੋਚਦੇ ਸਨ ਕਿ ਚੰਗੇ ਕੰਮ ਦਾ ਫ਼ਲ ਹਮੇਸ਼ਾ ਮਿੱਠਾ ਹੀ ਹੁੰਦਾ ਹੈ।

ਸਕੂਲੋਂ ਆ ਕੇ ਉਨ੍ਹਾਂ ਦੇ ਬੱਚੇ ਜਦੋਂ ਸਕੂਲ ਦਾ ਕੰਮ ਕਰਦੇ ਤਾਂ ਮਹਿੰਦਰੋ ਦਾ ਹੌਸਲਾ ਇੰਨਾ ਵੱਧ ਜਾਂਦਾ ਕਿ ਉਹ ਭੱਜ-ਭੱਜ ਕੰਮ ਕਰਦੀ। ਹੌਂਸਲੇ ਨਾਲ਼ ਉਸਦੀ ਤਾਕਤ ਦੁੱਗਣੀ ਹੋ ਗਈ।

ਚੰਨੂੰ ਪੜ੍ਹਾਈ ਦੇ ਨਾਲ਼ ਖੇਡਾਂ ਵੀ ਖੇਡਦਾ। ਉਹ ਇੱਕ ਚੰਗਾ ਖਿਡਾਰੀ ਵੀ ਬਣ ਚੁੱਕਿਆ ਸੀ। ਉਹ ਖੇਡਾਂ ਵਿੱਚ ਰਾਜ ਪੱਧਰ ਤੋ ਲੈ ਕੇ ਨੈਸ਼ਨਲ ਪੱਧਰ ਤੱਕ ਜਿੱਤ ਕੇ ਆਇਆ ਸੀ। (ਚਲਦਾ...)

# ਪੰਜਾਬ ਸਕੂਲ ਸਿੱਖਿਆ ਬੋਰਡ

## (ਓਪਨ ਸਕੂਲ ਸਿੱਖਿਆ ਪ੍ਰਣਾਲੀ)

ਓਪਨ ਸਕੂਲ ਪ੍ਰਣਾਲੀ ਬੋਰਡ ਦਾ ਇੱਕ ਅਹਿਮ ਉਪਰਾਲਾ ਹੈ। ਇਸ ਅਧੀਨ ਰਸਮੀ ਸਿੱਖਿਆ ਪ੍ਰਣਾਲੀ ਤੋਂ ਵਾਂਝੇ ਜਿਵੇਂ ਘਰ ਵਿੱਚ ਕੰਮ ਕਰਦੀਆਂ ਗ੍ਰਹਿਣੀਆਂ, ਕਾਰਖ਼ਾਨਿਆਂ ਵਿੱਚ ਕੰਮ ਕਰਦੇ ਮਜ਼ਦੂਰ, ਫ਼ੌਜੀ ਅਤੇ ਅਰਧ-ਸੈਨਿਕ ਦਸਤਿਆਂ ਦੇ ਜਵਾਨ, ਖੇਤੀਬਾੜੀ ਕਰਦੇ ਕਿਸਾਨ, ਨੌਕਰੀ ਸ਼ੁਦਾ ਲੜਕੇ ਅਤੇ ਲੜਕੀਆਂ, ਦੂਰ-ਦੁਰਾਡੇ ਰਹਿੰਦੇ ਲੋਕ, ਦਿਵਿਆਂਗ (ਵਿਲੱਖਣ ਸਮਰੱਥਾ) ਵਾਲ਼ੇ ਵਿਦਿਆਰਥੀ ਜਿਹੜੇ ਰਸਮੀ ਸਿੱਖਿਆ ਪ੍ਰਣਾਲੀ ਰਾਹੀਂ ਸਿੱਖਿਆ ਗ੍ਰਹਿਣ ਕਰਨ ਵਿੱਚ ਔਖ ਮਹਿਸੂਸ ਕਰਦੇ ਹਨ, ਸਿੱਧੇ ਤੌਰ 'ਤੇ ਮੈਟ੍ਰਿਕੁਲੇਸ਼ਨ ਅਤੇ ਬਾਰ੍ਹਵੀਂ ਸ਼੍ਰੇਣੀ ਵਿੱਚ ਦਾਖ਼ਲਾ ਲੈ ਸਕਦੇ ਹਨ। ਓਪਨ ਸਕੂਲ ਪ੍ਰਣਾਲੀ ਰਾਹੀਂ ਪੜ੍ਹਾਈ ਲਈ ਵਿਸ਼ੇਸ਼ ਹੇਠ ਦਰਜ ਅਨੁਸਾਰ ਹਨ:

1. ਓਪਨ ਸਕੂਲ ਪ੍ਰਣਾਲੀ ਅਧੀਨ ਪ੍ਰਾਪਤ ਸਰਟੀਫਿਕੇਟ ਨੂੰ ਰੈਗੂਲਰ ਵਿਦਿਆਰਥੀਆਂ ਦੇ ਬਰਾਬਰ ਸਰਟੀਫਿਕੇਟ ਦੀ ਮਾਨਤਾ ਹੈ।
2. ਮੈਟ੍ਰਿਕੁਲੇਸ਼ਨ ਸ਼੍ਰੇਣੀ ਲਈ ਦਾਖ਼ਲਾ ਲੈਣ ਵਾਲ਼ੇ ਸਾਲ 31 ਮਾਰਚ ਨੂੰ 14 ਸਾਲ ਦੀ ਉਮਰ ਪੂਰੀ ਕਰਨ ਵਾਲ਼ਾ ਕੋਈ ਵੀ ਉਮੀਦਵਾਰ ਦਾਖ਼ਲਾ ਲੈਣ ਦੇ ਯੋਗ ਹੈ।
   ਜਾਂ
   ਮੈਟ੍ਰਿਕੁਲੇਸ਼ਨ ਕੋਰਸ ਵਿੱਚ ਦਾਖ਼ਲਾ ਲੈਣ ਸਮੇਂ ਮਿਡਲ ਦੀ ਪਰੀਖਿਆ ਪਾਸ ਕਰਨ ਉਪਰੰਤ ਇੱਕ ਸਾਲ ਦੀ ਵਿੱਥ ਰੱਖਦਾ ਹੋਵੇ।
3. ਬਾਰ੍ਹਵੀਂ ਸ਼੍ਰੇਣੀ ਲਈ ਪੰਜਾਬ ਸਕੂਲ ਸਿੱਖਿਆ ਬੋਰਡ ਜਾਂ ਇਸ ਦੇ ਤੁਲ ਕਿਸੇ ਦੂਜੇ ਬੋਰਡ ਤੋਂ ਮੈਟ੍ਰਿਕੁਲੇਸ਼ਨ ਪਰੀਖਿਆ ਪਾਸ ਕੀਤੀ ਹੋਵੇ ਅਤੇ ਸੀਨੀਅਰ ਸੈਕੰਡਰੀ ਕੋਰਸ ਵਿੱਚ ਦਾਖ਼ਲਾ ਲੈਣ ਸਮੇਂ ਮੈਟ੍ਰਿਕੁਲੇਸ਼ਨ ਦੀ ਪਰੀਖਿਆ ਪਾਸ ਕਰਨ ਉਪਰੰਤ ਇੱਕ ਸਾਲ ਦੀ ਵਿੱਥ ਰੱਖਦਾ ਹੋਵੇ, ਦਾਖ਼ਲਾ ਲੈਣ ਦੇ ਯੋਗ ਹੈ।
   (ਮੈਟ੍ਰਿਕੁਲੇਸ਼ਨ ਅਤੇ ਸੀਨੀਅਰ ਸੈਕੰਡਰੀ ਦੇ ਪ੍ਰਾਸਪੈਕਟਸ ਬੋਰਡ ਦੀ ਵੈਬਸਾਈਟ www.pseb.ac.in 'ਤੇ ਉਪਲੱਬਧ ਹਨ।)
4. ਵਿਦਿਆਰਥੀਆਂ ਨੂੰ ਆਪਣਾ ਸਿੱਧਾ ਦਾਖ਼ਲਾ ਆਨ-ਲਾਈਨ ਪੋਰਟਲ ਰਾਹੀਂ, ਐਕਰੀਡਿਟੇਡਿਟ ਅਧਿਐਨ ਕੇਂਦਰਾਂ ਰਾਹੀਂ ਅਤੇ ਬੋਰਡ ਦੇ ਖ਼ੇਤਰੀ ਦਫ਼ਤਰਾਂ ਰਾਹੀਂ ਦਾਖ਼ਲਾ ਲੈਣ ਦੀ ਸਹੂਲਤ ਦਿੱਤੀ ਗਈ ਹੈ।
5. ਪੜ੍ਹਾਈ ਲਈ ਤਿੰਨ ਅਧਿਐਨ ਕੇਂਦਰ (study centre) ਭਰਨ ਦੀ ਸੁਵਿਧਾ ਹੈ। ਜਿਨ੍ਹਾਂ ਵਿੱਚੋਂ ਇੱਕ ਅਧਿਐਨ ਕੇਂਦਰ ਅਲਾਟ ਕੀਤਾ ਜਾਂਦਾ ਹੈ।
6. ਓਪਨ ਸਕੂਲ ਦਸਵੀਂ/ਬਾਰ੍ਹਵੀਂ ਸ਼੍ਰੇਣੀ ਲਈ ਅਕਾਦਮਿਕ ਸਾਲ 2023-24 ਲਈ ਬਿਨ੍ਹਾਂ ਲੇਟ ਫ਼ੀਸ ਮਿਤੀ 23.10.2023 ਅਤੇ ਲੇਟ ਫ਼ੀਸ ਨਾਲ਼ 07.12.2023 ਤੱਕ ਦਾਖ਼ਲਾ ਲਿਆ ਜਾ ਸਕਦਾ ਹੈ।
7. ਪਰੀਖਿਆ ਪਾਸ ਕਰਨ ਲਈ ਸੱਤ ਮੌਕਿਆਂ ਦੀ ਸੁਵਿਧਾ ਦਿੱਤੀ ਗਈ ਹੈ।
8. ਪੰਜਾਬ ਸਕੂਲ ਸਿੱਖਿਆ ਬੋਰਡ ਅਤੇ ਪੰਜਾਬ ਰਾਜ ਵਿੱਚ ਸਥਿਤ ਨੈਸ਼ਨਲ ਇੰਸਟੀਚਿਊਟ ਆਫ਼ ਓਪਨ ਸਕੂਲ ਦੇ ਫੇਲ ਵਿਦਿਆਰਥੀ ਲਈ ਦਾਖ਼ਲੇ ਦੇ ਸਾਲ ਤੋਂ ਪੰਜ ਸਾਲ ਤੱਕ (ਪਹਿਲਾਂ ਪਾਸ ਕੀਤੇ ਵਿਸ਼ਿਆਂ ਦਾ ਲਾਭ) ਕ੍ਰੈਡਿਟ ਕੈਰੀ ਦੀ ਸੁਵਿਧਾ ਹੈ।
9. ਸਾਲ ਵਿੱਚ ਦੋ ਵਾਰ ਵਿਅਕਤੀਗਤ ਸੰਪਰਕ ਪ੍ਰੋਗਰਾਮ (ਪੀ.ਸੀ.ਪੀ.) ਰਾਹੀਂ ਪੜ੍ਹਾਈ ਕਰਨ ਦੀ ਸੁਵਿਧਾ ਹੈ।
10. ਓਪਨ ਸਕੂਲ ਦੇ ਵਿਦਿਆਰਥੀਆਂ ਲਈ ਵੀ ਰੈਗੂਲਰ ਵਿਦਿਆਰਥੀਆਂ ਵਾਲ਼ਾ ਪਾਠ-ਕ੍ਰਮ ਲਾਗੂ ਹੈ।
11. ਵਧੇਰੇ ਜਾਣਕਾਰੀ ਲਈ ਓਪਨ ਸਕੂਲ ਦੇ Email: openschool.pseb@punjab.gov.in ਅਤੇ ਫ਼ੋਨ ਨੰਬਰ 0172-5227196, 197 'ਤੇ ਸੰਪਰਕ ਕੀਤਾ ਜਾ ਸਕਦਾ ਹੈ।


Registered No. CHD/0063/2021-2023
Registered with the Registrar of Newspapers for India, New Delhi under R.N.I. 34016/80

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਸਕੱਤਰ, ਪ੍ਰਿੰਟਰ ਅਤੇ ਪਬਲਿਸ਼ਰ ਨੇ ਬੇਦੀ ਬ੍ਰਦਰਜ਼ ਪ੍ਰਿੰਟਿੰਗ ਪ੍ਰੋਫ਼ੈਸ਼ਨਲ, 14, ਇੰਡਸਟ੍ਰੀਅਲ ਏਰੀਆ, ਫੇਸ-1, ਚੰਡੀਗੜ੍ਹ ਤੋਂ ਛਪਵਾ ਕੇ ਫ਼ੇਜ਼ 8, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਤੋਂ 30 ਸਤੰਬਰ 2023 ਨੂੰ ਪ੍ਰਕਾਸ਼ਿਤ ਕੀਤਾ।

ਸੰਪਾਦਕ, ਦਰਸ਼ਨ ਸਿੰਘ ਬਨੂੜ

ਮੁੱਲ: ₹20